# 21

# ਬਾਰ੍ਹਾਂ ਦਾ ਮਿਸ਼ਨ

## (10:1-23)

ਪਿਛਲੇ ਅਧਿਆਇ ਦਾ ਅੰਤ ਅਧਿਆਇ 10 ਦੇ ਪਰਿਚੈ ਦਾ ਕੰਮ ਕਰਦਾ ਹੈ: ''ਇਸ ਲਈ ਤੁਸੀਂ ਖੇਤੀ ਦੇ ਮਾਲਕ ਦੇ ਅੱਗੇ ਬੇਨਤੀ ਕਰੋ ਜੋ ਉਹ ਆਪਣੀ ਖੇਤੀ ਵੱਢਣ ਨੂੰ ਵਾਢੇ ਘੱਲ ਦੇਵੇ'' (9:38)। ਯਿਸੂ ਬਾਰ੍ਹਾਂ ਨੂੰ ਲਿਮਿਟਡ ਕਮੀਸ਼ਨ ਦੇ ਕੇ ਯਹੂਦੀ ਲੋਕਾਂ ਵਿਚ ਭੇਜ ਰਿਹਾ ਸੀ। ਉਨ੍ਹਾਂ ਨੇ ਰਾਜ ਦੇ ਨੇੜੇ ਹੋਣ ਦਾ ਪ੍ਰਚਾਰ ਕਰਦਿਆਂ ਬੀਮਾਰਾਂ ਨੂੰ ਚੰਗਿਆਈ ਦੇ ਕੇ ਅਤੇ ਭੂਤਾਂ ਨੂੰ ਕੱਢਣ ਦੇ ਰਾਹੀਂ ਆਪਣੇ ਸੰਦੇਸ਼ ਨੂੰ ਪ੍ਰਮਾਣਿਤ ਕੀਤਾ। ਅਧਿਆਇ 10 ਵਿਚ ਯਿਸੂ ਦੇ ਕਮੀਸ਼ਨ ਵਿਚ ਮੱਤੀ ਦੇ ਵੇਰਵੇ ਵਿਚ ਇਹ ਦੂਜਾ ਵੱਡਾ ਉਪਦੇਸ਼ ਹੈ।

ਮੁੱਖ ਤੌਰ ਤੇ ਇਸ ਅਧਿਆਇ ਵਿਚ ਯਿਸੂ ਦੀਆਂ ਹਦਾਇਤਾਂ ਬਾਰ੍ਹਾਂ ਨੂੰ ਇਸਰਾਏਲ ਵਿਚ ਜਾਣ ਦੇ ਲਿਮਿਟਡ ਕਮੀਸ਼ਨ ਤਕ ਸੀਮਤ ਸਨ (10:5–15, 23)। ਪਰ ਉਸ ਦੀਆਂ ਕੁਝ ਹਦਾਇਤਾਂ ਵਧੇਰੇ ਆਮ ਸਨ (10:18, 22, 26, 28, 32)। ਇਹ ਹੁਕਮ ਗ੍ਰੇਟ ਕਮੀਸ਼ਨ ਦੇ ਅੱਗੇ ਵੱਲ ਨੂੰ ਸੰਕੇਤ ਕਰਦੇ ਸਨ ਕਿ ਜਿਸ ਵਿਚ ਇਹ ਹੁਕਮ ਦਿੱਤਾ ਗਿਆ ਸੀ ਕਿ ਮਸੀਹ ਦੀ ਖੁਸ਼ਖ਼ਬਰੀ ਪੂਰੇ ਜਗਤ ਵਿਚ ਵੰਡੀ ਜਾਵੇ (28:18–20; ਮਰਕੁਸ 16:15, 16; ਲੂਕਾ 24:46, 47)। ਪਰ ਇਸ ਅਰਥ ਵਿਚ ਅਧਿਆਇ 10 ਬਾਰ੍ਹਾਂ ਦੇ ਮਿਸ਼ਨ ਦੇ ਨਾਲ ਨਾਲ ਕੁਝ ਹੱਦ ਤਕ ਕਲੀਸੀਆ ਦੇ ਮਿਸ਼ਨ ਦੀ ਵੀ ਗੱਲ ਕਰਦਾ ਹੈ।[1]

ਅਜਿਹਾ ਲਗਦਾ ਹੈ ਕਿ ਮੱਤੀ ਦੀ ਦਿਲਚਸਪੀ ਲਿਮਿਟਡ ਕਮੀਸ਼ਨ ਨਾਲੋਂ ਯਿਸੂ ਦੀਆਂ ਹਦਾਇਤਾਂ ਵਿਚ ਬਹੁਤੀ ਸੀ। ਚੇਲਿਆਂ ਦੇ ਜਾਣ, ਕੰਮ ਕਰਨ ਅਤੇ ਵਾਪਸ ਆਉਣ ਦੇ ਸਬੰਧ ਵਿਚ ਅਸਲ ਵਿਚ ਕੁਝ ਨਹੀਂ ਦੱਸਿਆ ਗਿਆ ਹੈ (ਵੇਖੋ ਮਰਕੁਸ 6:12, 13, 30; ਲੂਕਾ 9:6, 10)। ਗੱਲਬਾਤ ਦੇ ਬਾਅਦ *ਯਿਸੂ* ਉੱਥੋਂ ''ਉਨ੍ਹਾਂ ਦੇ ਨਗਰਾਂ ਵਿਚ ਉਪਦੇਸ਼ ਦੇਣ ਅਤੇ ਪ੍ਰਚਾਰ ਕਰਨ ਚਲਿਆ ਗਿਆ'' (11:1)।[2]

### ਬਾਰ੍ਹਾਂ ਨੂੰ ਸੱਦਣਾ (10:1-4)

**[1]ਉਸ ਨੇ ਆਪਣੇ ਬਾਰਾਂ ਚੇਲਿਆਂ ਨੂੰ ਕੋਲ ਸੱਦ ਕੇ ਉਨ੍ਹਾਂ ਨੂੰ ਇਖ਼ਤਿਆਰ ਦਿੱਤਾ ਜੋ ਭ੍ਰਿਸ਼ਟ ਆਤਮਿਆਂ ਨੂੰ ਕੱਢਣ ਅਤੇ ਸਾਰੇ ਰੋਗ ਅਤੇ ਸਾਰੀ ਮਾਂਦਗੀ ਨੂੰ ਦੂਰ ਕਰਨ।**

**[2]ਬਾਰਾਂ ਰਸੂਲਾਂ ਦੇ ਇਹ ਨਾਉਂ ਹਨ। ਪਹਿਲਾ ਸ਼ਮਊਨ ਜਿਹੜਾ ਪਤਰਸ ਕਹਾਉਂਦਾ ਹੈ ਅਤੇ ਉਹ ਦਾ ਭਰਾ ਅੰਦ੍ਰਿਯਾਸ ਅਤੇ ਜ਼ਬਦੀ ਦਾ ਪੁੱਤਰ ਯਾਕੂਬ ਅਤੇ ਉਹ ਦਾ ਭਰਾ ਯਹੂੰਨਾ। [3]ਫ਼ਿਲਿੱਪੁਸ ਅਤੇ ਬਰਥੁਲਮਈ, ਥੋਮਾ ਅਤੇ ਮੱਤੀ ਮਸੂਲੀਆ, ਹਲਫ਼ਈ ਦਾ ਪੁੱਤਰ ਯਾਕੂਬ ਅਤੇ ਥੱਦਈ। [4]ਸ਼ਮਊਨ ਕਨਾਨੀ ਅਤੇ ਯਹੂਦਾ ਇਸਕਰਿਯੋਤੀ ਜਿਸ ਨੇ ਉਹ ਨੂੰ ਫੜਵਾ ਵੀ ਦਿੱਤਾ।**

**ਆਇਤ 1. ਉਹ** *[ਯਿਸੂ]* ਜ਼ਿੰਦਗੀ ਦੇ ਵੱਖੋ ਵੱਖ ਖੇਤਰਾਂ ਵਿੱਚੋਂ ਚੇਲਿਆਂ ਦੀ ਵੱਡੀ ਗਿਣਤੀ ਇੱਕਠੀ ਕਰ ਰਿਹਾ ਸੀ। ਉਨ੍ਹਾਂ ਦੇ ਨਾਲ ਸਮਾਂ ਬਿਤਾਉਣ ਨਾਲ ਉਸ ਨੂੰ ਉਨ੍ਹਾਂ ਦੇ ਚਾਲ–ਚਲਣ ਅਤੇ

ਵਿਹਾਰ ਨੂੰ ਜਾਚਣ ਦਾ ਮੌਕਾ ਮਿਲ ਗਿਆ। ਇਸ ਵੱਡੇ ਗਰੁਪ ਵਿੱਚੋਂ (ਵੇਖੋ ਲੂਕਾ 10:1), ਉਸਨੇ ਸਭ ਤੋਂ ਨਜ਼ਦੀਕੀ **ਚੇਲਿਆਂ** ਦਾ ਇਕ ਛੋਟਾ ਜਿਹਾ ਝੁੰਡ ਚੁਣਿਆ। ''ਚੇਲਾ'' (*mathetes*) ਸ਼ਬਦ ਤੋਂ ਭਾਵ ਹੈ ''ਸਿਖਿਆਰਥੀ'' ਜਾਂ ''ਪੈਰੋਕਾਰ'' ਹੈ। ਬਾਰ੍ਹਾਂ ਦੀ ਚੋਣ ਅਤੇ ਨਿਯੁਕਤੀ ਦਾ ਵਰਣਨ ਮਰਕੁਸ 3:13–15 ਅਤੇ ਲੂਕਾ 6:12, 13 ਵਿਚ ਮਿਲਦਾ ਹੈ।

ਇਨ੍ਹਾਂ ਲੋਕਾਂ ਨੂੰ ਉਨ੍ਹਾਂ ਦੀ ਨਿੱਜੀ ਖੂਬੀ, ਗੁਣ ਜਾਂ ਵਫ਼ਾਦਾਰੀ ਦੇ ਅਧਾਰ ਤੇ ਨਹੀਂ ਬਲਕਿ ਪ੍ਰਭੂ ਦੀ ਪਰਮ ਇੱਛਾ ਅਤੇ ਮਕਸਦ ਦੇ ਮੁਤਾਬਿਕ ਚੁਣਿਆ ਗਿਆ ਸੀ। ਉਨ੍ਹਾਂ ਨੂੰ ਦੁਆ ਦੀ ਰਾਤ ਦੇ ਬਾਅਦ ਚੁਣਿਆ ਗਿਆ ਸੀ (ਲੂਕਾ 6:12)। ਉਹ ਅਜਿਹਾ ਹੋਰ ਮੌਕਿਆਂ ਤੇ ਵੀ ਕਰਦਾ ਹੋਵੇਗਾ ਪਰ ਲਿਖਤ ਵਿਚ ਸਿਰਫ਼ ਇੱਥੇ ਹੀ ਦੱਸਿਆ ਗਿਆ ਹੈ ਕਿ ਯਿਸੂ ਨੇ ਸਾਰੀ ਰਾਤ ਦੁਆ ਕੀਤੀ। ਉਸ ਰਾਤ ਦੁਆ ਲਈ ਉਸਦਾ ਸਮਰਪਣ ਯਕੀਨੀ ਤੌਰ ਤੇ ਇਹ ਵਿਖਾਉਂਦਾ ਹੈ ਕਿ ਇਸ ਫ਼ੈਸਲੇ ਨੂੰ ਉਸ ਨੇ ਕਿੰਨਾਂ ਜ਼ਰੂਰੀ ਮੰਨਿਆ। ਇਨ੍ਹਾਂ ਲੋਕਾਂ ਵਿਚ ਕਮੀਆਂ ਸਨ ਭਾਵ ਉਨ੍ਹਾਂ ਵਿਚ ਰੂਹਾਨੀ ਸਮਝ, ਦੀਨਤਾ, ਵਿਸ਼ਵਾਸ, ਸਮਰਪਣ ਅਤੇ ਸ਼ਕਤੀ ਦੀ ਘਾਟ ਸੀ। ਪਰ ਤਿੰਨ ਤੋਂ ਵੱਧ ਸਾਲਾਂ ਤਕ ਯਿਸੂ ਦੇ ਨਾਲ ਰਹਿਣ ਨਾਲ ਉਨ੍ਹਾਂ ਦੀਆਂ ਜ਼ਿੰਦਗੀਆਂ ਬਦਲ ਗਈਆਂ।

ਭਲਾ ਮੱਤੀ ਦਾ ਇਹ ਹਵਾਲਾ ਹੀ ਬਾਰ੍ਹਾਂ ਦੀ ਚੋਣ ਅਤੇ ਨਿਯੁਕਤੀ ਦੇ ਸਬੰਧ ਵਿਚ ਹੈ? ਯੂਨਾਨੀ ਭਾਸ਼ਾ ਦੇ ਸ਼ਬਦ (*proskaleo*) ਜਿਸ ਦਾ ਅਨੁਵਾਦ **ਸੱਦ ਕੇ** ਹੋਇਆ ਹੈ, ਉਸ ਦਾ ਅਰਥ ''ਕਿਸੇ ਖ਼ਾਸ ਕੰਮ ਜਾਂ ਅਹੁਦੇ ਲਈ ਸੱਦਣਾ'' (ਵੇਖੋ ਰਸੂਲਾਂ ਦੇ ਕੰਮ 13:2; 16:10) ਜਾਂ ''ਆਪਣੇ ਕੋਲ ਸੱਦਣਾ'' ਵੀ ਹੋ ਸਕਦਾ ਹੈ।[3] ਨਵੇਂ ਨੇਮ ਵਿਚ ਬਾਅਦ ਵਾਲਾ ਅਰਥ ਵਧੇਰੇ ਪਾਇਆ ਜਾਂਦਾ ਹੈ ਅਤੇ ਇੱਥੇ ਇਸ ਦਾ ਇਹੀ ਅਰਥ ਚਾਹਿਆ ਗਿਆ ਹੋ ਸਕਦਾ ਹੈ। ਦੂਜੇ ਸ਼ਬਦਾਂ ਵਿਚ ਯਿਸੂ ਆਪਣੇ ਚੇਲਿਆਂ ਨੂੰ ਜਿਨ੍ਹਾਂ ਨੂੰ ਉਸਨੇ ਪਹਿਲਾਂ ਤੋਂ ਚੁਣ ਲਿਆ ਸੀ, ਇਕ ਲਿਮਿਟਡ ਕਮੀਸ਼ਨ ਜਾਂ ਸੀਮਿਤ ਆਗਿਆ ਦੇ ਕੇ ਭੇਜਣ ਲਈ ਆਪਣੇ ਕੋਲ ਸੱਦ ਰਿਹਾ ਸੀ।[4]

ਇਸ ਤੱਥ ਦਾ ਕਿ ਯਿਸੂ ਦੇ **ਬਾਰਾਂ** ਚੁਣੇ ਹੋਏ ਚੇਲੇ ਸਨ, ਬੜਾ ਮਹੱਤਵ ਹੈ। ਮਾਈਕਲ ਜੇ ਵਿਲਕਿੰਸ ਦਾ ਕਹਿਣਾ ਹੈ ਕਿ ''ਬਾਰਾਂ ਖ਼ੁਦਾ ਦੇ ਪ੍ਰੋਗਰਾਮ ਵਿਚ ਮੁਕਤੀ ਦੇ ਇਤਿਹਾਸ ਦੇ ਚਲਦੇ ਰਹਿਣ ਦਾ ਪ੍ਰਤੀਕ ਹਨ।''[5] ਪੁਰਾਣੇ ਨੇਮ ਵਿਚ ਬਾਰਾਂ ਪੁਰਖਿਆਂ (ਉਤਪਤ 35:22; 42:13, 32) ਤੋਂ ਇਸਰਾਏਲ ਦੀਆਂ ਬਾਰਾਂ ਗੋਤਾਂ ਬਣੀਆਂ ਸਨ (ਕੂਚ 24:4; 28:21)। ਬਾਰਾਂ ਰਸੂਲਾਂ ਅਤੇ ਬਾਰਾਂ ਗੋਤਾਂ ਵਿਚ ਸਬੰਧ ਯਿਸੂ ਦੀ ਇਸ ਗੱਲ ਤੋਂ ਮਿਲਦਾ ਹੈ ਕਿ ਬਾਰ੍ਹਾਂ ਚੇਲਿਆਂ ਨੇ ''ਬਾਰਾਂ ਸਿੰਘਾਸਣਾਂ ਉੱਤੇ ਬੈਠ ਕੇ ਇਸਰਾਏਲ ਦੀਆਂ ਬਾਰਾਂ ਗੋਤਾਂ ਦਾ ਨਿਆਉਂ'' ਕਰਨਾ ਸੀ (19:28)। ਇਸ ਨਾਲੋਂ ਵੀ ਵਧਕੇ ਸੁਰਗੀ ਨਗਰ ਵਾਲੇ ਦਰਸ਼ਣ ਵਿਚ ਉਨ੍ਹਾਂ ਦੇ ਨਾਂਅ ਯਰੂਸ਼ਲਮ ਦੀਆਂ ਨੀਂਹਾਂ ਉੱਤੇ ਲਿੱਖੇ ਹੋਏ ਸਨ (ਪ੍ਰਕਾਸ਼ ਦੀ ਪੋਥੀ 21:14)। ਯਿਸੂ ਦੇ ਚੇਲਿਆਂ ਨਾਲ ਨਵਾਂ ਯਰੂਸ਼ਲਮ (ਜਾਂ ਕਲੀਸੀਆ) ਭਾਵ ਖ਼ੁਦਾ ਦੇ ਅਸਲ ਲੋਕ ਬਣਨਾ ਸੀ (ਰੋਮੀਆਂ 2:28, 29; 9:6–8; ਗਲਾਤੀਆਂ 3:29; 6:16; ਫ਼ਿਲਿੱਪੀਆਂ 3:3; ਯਾਕੂਬ 1:1; 1 ਪਤਰਸ 1:1)। ਅਸਲ ਵਿਚ ਕਲੀਸੀਆ ''ਰਸੂਲਾਂ ਅਤੇ ਨਬੀਆਂ ਦੀ ਨੀਂਹ ਉੱਤੇ'' ਬਣੀ ਹੈ ''ਜਿਸਦੇ ਖੂੰਜੇ ਦਾ ਪੱਥਰ ਆਪ ਮਸੀਹ ਯਿਸੂ ਹੈ'' (ਅਫ਼ਸੀਆਂ 2:20)।

ਇਸ ਸਮੇਂ ਤੋਂ ਪਹਿਲਾਂ ਯਿਸੂ ਅਸਲ ਵਿਚ ਇਕੱਲਾ ਸੇਵਾ ਕਰਦਾ ਸੀ। ਭੀੜ ਨਾਲ ਉਹ ਬਾਰਾਂ ਵੀ ਹਿੱਸਾ ਲੈਣ ਵਾਲਿਆਂ ਦੇ ਰੂਪ ਵਿਚ ਨਹੀਂ ਬਲਕਿ ਸਿਰਫ਼ ਦਰਸ਼ਕਾਂ ਦੇ ਰੂਪ ਵਿਚ ਹੀ ਉਸ ਦੇ ਮਗਰ ਚੱਲਦੇ ਸਨ। ਇੱਥੇ ਆ ਕੇ ਯਿਸੂ ਨੇ **ਉਨ੍ਹਾਂ ਨੂੰ ਇਖ਼ਤਿਆਰ** *[ਜਾਂ ''ਸ਼ਕਤੀ'']*[6] **ਦਿੱਤਾ ਜੋ ਭ੍ਰਿਸ਼ਟ ਆਤਮਿਆਂ ਨੂੰ ਕੱਢਣ ਅਤੇ ਸਾਰੇ ਰੋਗ ਅਤੇ ਸਾਰੀ ਮਾਂਦਗੀ ਨੂੰ ਦੂਰ ਕਰਨ।** ਇੱਥੇ ਵਰਤੀ ਗਈ ਭਾਸ਼ਾ ਯਿਸੂ ਦੀ ਸੇਵਕਾਈ ਦੇ ਪਹਿਲੇ ਵੇਰਵਿਆਂ ਨੂੰ ਯਾਦ ਦੁਆਉਂਦੀ ਹੈ (4:23; 9:35)।

ਪਰ ਇਹ ਕੰਮ ਸੀਮਤ ਸੀ ਜਿਸ ਕਰਕੇ ਚੇਲਿਆਂ ਨੂੰ ਮਿਲੀ ਸ਼ਕਤੀ ਸਮੇਂ ਦੇ ਥੋੜ੍ਹੇ ਜਿਹੇ ਬਾਅਦ

ਲਈ ਰਹੀ ਹੋਵੇਗੀ। ਬਾਅਦ ਵਿਚ ਯਿਸੂ ਨੇ ਸੁਰਗ ਵਿਚ ਆਪਣੇ ਵਾਪਸ ਜਾਣ ਤੋਂ ਥੋੜ੍ਹੀ ਦੇਰ ਪਹਿਲਾਂ ਉਨ੍ਹਾਂ ਨੂੰ ਵਾਅਦਾ ਦਿੱਤਾ ਕਿ ''ਪਵਿੱਤਰ ਆਤਮਾ [ਉਨ੍ਹਾਂ] ਉੱਤੇ ਆਵੇਗਾ ਤਾਂ ਤੁਸੀਂ [ਉਸ ਤੋਂ] ਸ਼ਕਤੀ ਪਾਓਗੇ'' (ਰਸੂਲਾਂ ਦੇ ਕੰਮ 1:8)। ਇਸ ਵਾਅਦੇ ਵਿਚ ਦੋ ਦਾਨ ਸਨ, ਪਹਿਲਾਂ ਤਾਂ ਪਵਿੱਤਰ ਆਤਮਾ ਦਾ ਅਤੇ ਦੂਜਾ ਉਸ ਸ਼ਕਤੀ ਦਾ ਜਿਹੜੀ ਉਨ੍ਹਾਂ ਨੂੰ ਦਿੱਤੀ ਜਾਣੀ ਸੀ। ਉਸਦੇ ਉੱਪਰ ਉਠਾਏ ਜਾਣ ਵਾਲੇ ਦਿਨ ਪੈਂਟੀਕਾਸਟ ਵਾਲੇ ਦਿਨ ਹੋ ਗਿਆ (ਰਸੂਲਾਂ ਦੇ ਕੰਮ 2:1–4)। ਇਸ ਸ਼ਕਤੀ ਦੀ ਇਕ ਗੱਲ ਉਸ ਸ਼ਕਤੀ ਨਾਲੋਂ ਵੱਖਰੀ ਸੀ ਜਿਹੜੀ ਉਨ੍ਹਾਂ ਨੂੰ ਪਹਿਲਾਂ ਦਿੱਤੀ ਗਈ ਸੀ। ਇਸ ਵਾਰ ਉਨ੍ਹਾਂ ਨੂੰ ਆਤਮਾ ਦੇ ਮੋਅਜਜ਼ੇ ਕਰਨ ਦੀ ਲਿਆਕਤ ਮਿਲਣੀ ਸੀ (ਰਸੂਲਾਂ ਦੇ ਕੰਮ 8:14–19)।

**ਆਇਤਾਂ 2-4.** ਮੱਤੀ ਨੇ ਯਿਸੂ ਵੱਲੋਂ ਉਨ੍ਹਾਂ ਨੂੰ ਭੇਜੇ ਜਾਣ ਤੋਂ ਪਹਿਲਾਂ **ਬਾਰਾਂ ਰਸੂਲਾਂ ਦੇ ਇਹ ਨਾਉਂ** ਦਿੱਤੇ। ਲੂਕਾ ਦੇ ਮੁਤਾਬਿਕ ਪਹਿਲਾਂ ਜਦ ਯਿਸੂ ਨੇ ਇਨ੍ਹਾਂ ਚੇਲਿਆਂ ਨੂੰ ਸੱਦਿਆ ਸੀ ਤਾਂ ਉਸ ਨੇ ''ਉਨ੍ਹਾਂ ਦਾ ਨਾਉਂ ਰਸੂਲ ਰੱਖਿਆ'' ਸੀ (ਲੂਕਾ 6:13)। ''ਰਸੂਲ'' ਲਈ ਯੂਨਾਨੀ ਭਾਸ਼ਾ ਦਾ ਸ਼ਬਦ (*apostolos*) ਜਿਸਦਾ ਅੰਗ੍ਰੇਜ਼ੀ ਅਨੁਵਾਦ (''*apostle*'') ਹੋਇਆ ਹੈ, ਮੱਤੀ ਵਿਚ ਇੱਕੋ ਵਾਰ, ਮਰਕੁਸ ਵਿਚ ਇਕ ਜਾਂ ਦੋ ਵਾਰ (ਮਰਕੁਸ [3:14][7]; 6:30) ਅਤੇ ਯੂਹੰਨਾ ਵਿਚ ਇਕ ਵਾਰ (ਯੂਹੰਨਾ 13:16) ਮਿਲਦਾ ਹੈ। ਨਵੇਂ ਨੇਮ ਵਿਚ ਜ਼ਿਆਦਾਤਰ ਇਹ ਸ਼ਬਦ ਲੂਕਾ ਅਤੇ ਪੌਲੁਸ ਦੇ ਲੇਖਾਂ ਵਿਚ ਮਿਲਦਾ ਹੈ। ''ਰਸੂਲ'' ਲਈ ਅੰਗ੍ਰੇਜ਼ੀ ਭਾਸ਼ਾ ਦਾ ਸ਼ਬਦ (apostle) ਕਿਰਿਆ ਸ਼ਬਦ ***apostello*** ਨਾਲ ਸਬੰਧਿਤ ਹੈ ਜਿਸਦਾ ਮਤਲਬ ਹੈ ''ਚੁਣਿਆ ਹੋਇਆ ਅਤੇ ਘੱਲਿਆ ਹੋਇਆ।'' ਇਹ ਉਸ ਬੰਦੇ ਵੱਲ ਸੰਕੇਤ ਕਰਦਾ ਹੈ ਜਿਸ ਨੂੰ ਉਸ ਦੇ ਭੇਜਣ ਵਾਲੇ ਵੱਲੋਂ ਚੁਣਿਆ ਗਿਆ, ਹੁਕਮ ਦਿੱਤਾ ਗਿਆ ਅਤੇ ਉਹਦੇ ਵੱਲੋਂ ਕੰਮ ਕਰਨ ਦਾ ਇਖ਼ਤਿਆਰ ਦੇ ਕੇ ਭੇਜਿਆ ਗਿਆ ਹੈ। ਬਾਰਾਂ ਜਣੇ ''ਯਰੂਸ਼ਲਮ ਅਰ ਸਾਰੇ ਯਹੂਦੀਆ ਅਤੇ ਸਾਮਰੀਆ ਵਿਚ ਸਗੋਂ ਧਰਤੀ ਦੇ ਬੰਨੇ ਵਿਚ'' (ਰਸੂਲਾਂ ਦੇ ਕੰਮ 1:8) ਯਿਸੂ ਦੀ ਗਵਾਹੀ ਦੇਣ ਲਈ ਉਹਦੇ ਦੂਤ ਬਣ ਗਏ। ਮਰਕੁਸ ਨੇ ਕਿਹਾ ਕਿ ਉਹ ''ਉਹਦੇ ਨਾਲ ਰਹਿਣ'' ਲਈ ਚੁਣੇ ਗਏ ਸਨ ਤਾਂ ਜੋ ''ਉਹ ਉਨ੍ਹਾਂ ਨੂੰ ਭੇਜੇ ਭਈ ਪ੍ਰਚਾਰ ਕਰਨ'' (ਮਰਕੁਸ 3:14)।

ਯਿਸੂ ਦੇ ਰਸੂਲ ਬਣਨ ਲਈ ਕੁਝ ਯੋਗਤਾਵਾਂ ਦਾ ਹੋਣਾ ਜ਼ਰੂਰੀ ਸੀ। ਉਦਾਹਰਣ ਲਈ ਯਹੂਦਾ ਦੇ ਉੱਤਰਾਧਿਕਾਰੀ ਦਾ ਪਾਤਰ ਬਣਨ ਲਈ ਚੁਣੇ ਜਾਣ ਵਾਲਿਆਂ ਵਾਸਤੇ ''ਯੂਹੰਨਾ ਦੇ ਬਪਤਿਸਮੇ ਤੋ ਲੈ ਕੇ ਉਸ ਦਿਨ ਤੀਕੁਰ ਉਹ [ਉਨ੍ਹਾਂ ਦੇ] ਕੋਲੋਂ ਉਤਾਹਾਂ ਉਠਾਇਆ ਗਿਆ'' (ਰਸੂਲਾਂ ਦੇ ਕੰਮ 1:21, 22)। ਉਸ ਦੀ ਥਾਂ ਤੇ ਨਿਯੁਕਤ ਹੋਣ ਨਾਲ ਉਹਨੇ ਰਸੂਲਾਂ ਨਾਲ ''ਉਸ ਦੇ ਜੀ ਉੱਠਣ ਦਾ ਗਵਾਹ ਬਣ ਜਾਣਾ ਸੀ।'' ਹੋਰ ਆਇਤਾਂ ਤੋਂ ਸੰਕੇਤ ਮਿਲਦਾ ਹੈ ਕਿ ਰਸੂਲਾਂ ਲਈ ਉਸਨੂੰ ਆਪਣੇ ਜੀ ਉੱਠਣ ਦੇ ਬਾਅਦ ਵੇਖਿਆ ਜਾਣਾ ਜ਼ਰੂਰੀ ਸੀ (1 ਕੁਰਿੰਥੀਆਂ 9:1) ਅਤੇ ਉਨ੍ਹਾਂ ਨੂੰ ਪ੍ਰਭੂ ਵੱਲੋਂ ਚੁਣਿਆ ਜਾਣਾ ਸੀ (ਅਫ਼ਸੀਆਂ 4:11)।[8]

ਨਵੇਂ ਨੇਮ ਵਿਚ ਰਸੂਲਾਂ ਦੀਆਂ ਤਿੰਨ ਹੋਰ ਫ਼ਹਰਿਸਤਾਂ ਦਿੱਤੀਆ ਗਈਆਂ ਹਨ (ਮਰਕੁਸ 3:16–19; ਲੂਕਾ 6:14–16; ਰਸੂਲਾਂ ਦੇ ਕੰਮ 1:13)। ਇਨ੍ਹਾਂ ਫ਼ਹਰਿਸਤਾਂ ਨੂੰ ਮਿਲਾਉਣ ਤੇ ਨਾਵਾਂ ਦੇ ਸਪੱਸ਼ਟ ਫ਼ਰਕ ਮਿਲਦੇ ਹਨ। ਇਹ ਫ਼ਰਕ ਇਸ ਸਮਝ ਨਾਲ ਅਸਾਨੀ ਨਾਲ ਸਮਝਾਏ ਜਾ ਸਕਦੇ ਹਨ ਕਿ ਆਮ ਤੌਰ ਤੇ ਲੋਕਾਂ ਦੇ ਇਕ ਤੋਂ ਵੱਧ ਨਾਮ ਹੁੰਦੇ ਸਨ। ਫ਼ਹਰਿਸਤਾਂ ਦੀ ਤਰਤੀਬ ਵਿਚ ਥੋੜ੍ਹੀ ਜਿਹੀ ਭਿੰਨਤਾ ਹੈ।

ਸਭ ਫ਼ਹਰਿਸਤਾਂ ਵਿਚ **ਸ਼ਮਊਨ** ਜਿਸਦਾ ਨਾਂਅ ਯਿਸੂ ਨੇ **ਪਤਰਸ** ਰੱਖਿਆ ਸੀ, **ਪਹਿਲਾ** ਹੈ। ਉਹ ਰਸੂਲਾਂ ਵਿਚ ਆਗੂ ਰੂਪ ਵਿਚ ਨਿੱਕਲਦਾ ਹੈ ਜਿਵੇਂ ਕਿ ਇੰਜੀਲ ਦੀ ਕਿਤਾਬ ਅਤੇ ਰਸੂਲਾਂ ਦੇ ਕੰਮ ਦੇ ਮੁੱਢਲੇ ਅਧਿਆਇਆਂ ਤੋਂ ਸਪੱਸ਼ਟ ਹੈ। ਮੱਤੀ ਦੀ ਫ਼ਹਰਿਸਤ ਵਿਚ ਪਤਰਸ ਦੇ ਬਾਅਦ **ਉਹਦਾ ਭਰਾ ਅੰਦ੍ਰਿਆਸ** ਹੈ। ਮੱਛੀਆਂ ਫੜਨ ਵਾਲੇ ਜਾਲਾਂ ਨਾਲ ਇਸ ਲੋਕਾਂ ਨੂੰ ਸੱਦਣ ਦੀ ਗੱਲ ਇੰਜੀਲ ਦੇ

ਇਸ ਵਿਰਤਾਂਤ ਵਿਚ ਪਹਿਲਾਂ ਮਿਲਦੀ ਹੈ (4:18–20 ਤੇ ਟਿੱਪਣੀਆਂ ਵੇਖੋ)। ਫਿਰ ਆਪਣੇ **ਭਰਾ ਯੂਹੰਨਾ** ਦੇ ਨਾਲ **ਜਬਦੀ ਦਾ ਪੁੱਤਰ ਯਾਕੂਬ** ਆਉਂਦਾ ਹੈ। ਯਿਸੂ ਨੇ ਇਨ੍ਹਾਂ ਨੂੰ ''ਗਰਜਣ ਦੇ ਪੁੱਤਰ'' ਨਾਂਅ ਦਿੱਤਾ ਸੀ (ਮਰਕੁਸ 3:17)। ਉਨ੍ਹਾਂ ਦਾ ਸੱਦਿਆ ਜਾਣਾ ਮੱਤੀ ਵਿਚ ਪਹਿਲਾਂ ਵੀ ਮਿਲਦਾ ਹੈ (4:21, 22 ਤੇ ਟਿੱਪਣੀਆਂ ਵੇਖੋ)। ਜ਼ਾਹਿਰ ਹੈ ਕਿ ਪਤਰਸ, ਯਾਕੂਬ ਅਤੇ ਯੂਹੰਨਾ ਮਸੀਹ ਦੇ ਸਭ ਤੋਂ ਨਜ਼ਦੀਕੀ ਚੇਲੇ ਸਨ। ਇਨ੍ਹਾਂ ਚੇਲਿਆਂ ਤੋਂ ''ਬੇਹੱਦ ਨਜ਼ਦੀਕੀ'' ਨਾਂਅ ਦਿੱਤਾ ਜਾਦਾ ਹੈ, ਜੋ ਜੈਰੁਸ ਦੀ ਬੇਟੀ ਨੂੰ ਜ਼ਿੰਦਾ ਕਰਨ (ਮਰਕੁਸ 5:37), ਰੂਪ ਬਦਲਣ (17:1), ਗਥਸਮਨੀ ਬਾਗ ਵਿਚ (26:37) ਯਿਸੂ ਦੇ ਨਾਲ ਹੋਣ ਦਾ ਸੁਭਾਗ ਇਨ੍ਹਾਂ ਨੂੰ ਵੀ ਮਿਲਿਆ ਸੀ ।

**ਫ਼ਿਲਿੱਪੁਸ** ਦਾ ਨਾਂਅ ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ਕਈ ਵਾਰ ਆਉਂਦਾ ਹੈ (ਯੂਹੰਨਾ 1:44–46; 6:5–7; 12:20–22; 14:8)। ਪਤਰਸ ਅਤੇ ਅਦ੍ਰਿਆਸ ਉਹ ਵੀ ਪਿੱਛੋਂ ਬੈਤਸੈਦੇ ਦਾ ਰਹਿਣ ਵਾਲਾ ਵੀ (ਯੂਹੰਨਾ 1:44)। ਉਸ ਨੂੰ ਵੀ ਯਿਸੂ ਕੋਲ ਨਥਾਨੀਏਲ ਹੀ ਲੈ ਕੇ ਆਇਆ ਸੀ (ਯੂਹੰਨਾ 1:45, 46)। ਇਸਦੇ ਬਾਅਦ **ਬਰਥੁਲਮਈ** ਦਾ ਨਾਂਅ ਆਉਂਦਾ ਹੈ, ਜਿਸ ਕਰਕੇ ਕਈਆਂ ਦਾ ਮੰਨਣਾ ਹੈ ਕਿ ਇਹ ਉਹੀ ਨਥਾਨੀਏਲ ਹੈ (ਯੂਹੰਨਾ 1:45; 21:2)। ''ਬਰਥੁਲਮਈ'' ਨਾਂਅ ਤੋਂ ਉਸ ਨੂੰ ''ਥੋਲਮਈ'' ਜਾਂ ''ਟੌਲਮੀ'' ਆਦਮੀ ਦੇ ਕਿਸੇ ਨਾਂਅ ਦੇ ਰੂਪ ਵਿਚ ਪਛਾਣ ਮਿਲੀ ਹੈ।[9] **ਥੋਮਾ ਨੂੰ** ''ਦਿਦਮੁਸ'' ਵੀ ਆਖਿਆ ਜਾਂਦਾ ਸੀ (ਯੂਹੰਨਾ 11:16; 20:24; 21:2); ''ਥੋਮਾ'' ਅਰਾਮੀ ਭਾਸ਼ਾ ਦੇ ਨਾਂਅ ਤੋਂ ਲਿਆ ਗਿਆ ਹੈ, ਜਦਕਿ ''ਦਿਦਮੁਸ'' ਇਸਦੇ ਅਰਾਮੀ ਸਮਾਨਾਂਤਰ ਤੋਂ ਦੋਹਾਂ ਦਾ ਅਰਥ ਜੁੜਵਾਂ ਹੈ। ਇਨ੍ਹਾਂ ਨਾਵਾਂ ਤੋਂ ਕਈਆਂ ਨੇ ਅੰਦਾਜ਼ਾ ਲਾਇਆ ਹੈ ਕਿ ਉਸ ਦਾ ਕੋਈ ਜੁੜਵਾਂ ਭਰਾ ਸੀ। **ਮੱਤੀ ਮਸੂਲੀਆ** ਜਿਸ ਨੂੰ ''ਲੇਵੀ'' ਵੀ ਕਿਹਾ ਜਾਂਦਾ ਹੈ (ਮਰਕੁਸ 2:14), ਉਸ ਨੂੰ ਯਿਸੂ ਵੱਲੋਂ ਚੇਲਾ ਬਣਨ ਲਈ ਮਸੂਲ ਦੀ ਉਸ ਦੀ ਚੁੰਗੀ ਤੋਂ ਸੱਦਿਆ ਗਿਆ ਸੀ (9:9 ਤੇ ਟਿੱਪਣੀਆਂ ਵੇਖੋ)।

**ਯਾਕੂਬ** ਨੂੰ **ਹਲਫ਼ੱਈ ਦਾ ਪੁੱਤਰ** ਕਿਹਾ ਜਾਂਦਾ ਸੀ ਜੋ ਸ਼ਾਇਦ ਉਸ ਨੂੰ ਆਪਣੇ ਮਿਹਨਤੀ ਅਤੇ ਸਰਨਾਵੇਂ ਵਾਲੇ ਜਬਦੀ ਦੇ ਪੁੱਤਰ ਯੂਹੰਨਾ ਦੇ ਭਰਾ ਯਾਕੂਬ ਤੋਂ ਵੱਖ ਕਰਨ ਲਈ ਹੈ। ਇਹ ਉਹੀ ਹੋ ਸਕਦਾ ਹੈ ਜਿਸ ਨੂੰ ''ਛੋਟਾ ਯਾਕੂਬ'' (ਮਰਕੁਸ 15:40) ਜਾਂ ''ਛੋਟਾ ਵਾਲਾ ਯਾਕੂਬ'' (NIV) ਕਿਹਾ ਜਾਂਦਾ ਹੈ। **ਥੱਦਈ** ਨੂੰ ਰਸੂਲਾਂ ਦੀਆਂ ਹੋਰ ਫ਼ਹਰਿਸਤਾਂ ਵਾਲਾ ''ਯਾਕੂਬ ਦਾ ਬੇਟਾ ਯਹੂਦਾ'' ਵੀ ਨਾਂਅ ਮਿਲਦਾ ਹੈ (ਲੂਕਾ 6:16; ਰਸੂਲਾਂ ਦੇ ਕੰਮ 1:13)। ''ਥੱਦਈ'' ਦੀ ਵਰਤੋਂ ਮੱਤੀ ਅਤੇ ਮਰਕੁਸ ਵੱਲੋਂ ਸ਼ਾਇਦ ਇਸ ਲਈ ਕੀਤੀ ਗਈ ਹੈ ਤਾਂ ਜੋ ਕਿਤੇ ਉਸ ਨੂੰ ਯਹੂਦਾ ਇਸਕਰਯੋਤੀ ਨਾ ਸਮਝ ਲਿਆ ਜਾਵੇ। ਇਕ ਵਾਰ ਯੂਹੰਨਾ ਨੇ ਉਸ ਨੂੰ ''ਯਹੂਦਾ (ਇਸਕਰਿਯੋਤੀ ਨਹੀਂ) ਆਖਿਆ'' (ਯੂਹੰਨਾ 14:22)। ''ਥੱਦਈ'' (10:3; ਮਰਕੁਸ 3:18) ਦੀ ਥਾਂ ਕੁਝ ਪੁਰਾਤਨ ਹੱਥਲਿਖਤਾਂ ਵਿਚ ''ਲਬੇਇਉਸ'' ਮਿਲਦਾ ਹੈ। ਇਸ ਆਇਤ ਵਿਚ **ਸ਼ਮਊਨ ਕਨਾਨੀ** ਜੋ ਵਧੇਰੇ ਬੁਨਿਆਦੀ ਹੈ (NASB ਵਿਚ ''ਸ਼ਮਊਨ ਜੇਲੋਤੇਸੀ'' ਹੈ ਅਨੁਵਾਦਕ)। ਜੈਕ ਪੀ. ਲੂਈਸ, ਨੇ ਲਿਖਿਆ ਹੈ, ''ਕਨਾਨੀ 'ਜੋਸ਼ੀਲੇ ਹੋਣ' ਦੇ ਅਰਥ ਵਾਲੇ ਇਬਰਾਨੀ ਸ਼ਬਦ *kana* ਤੋਂ ਲਿਆ ਗਿਆ ਹੈ।''[10] ਲੂਕਾ ਨੇ ਯੂਨਾਨੀ ਸ਼ਬਦ (*zelotes*) ਦੀ ਵਰਤੋਂ ਕਰਦਿਆਂ ਉਸਦੇ ਵਿਰਤਾਂਤ ਲਈ ''ਜੇਲੋਤੇਸ'' ਅਨੁਵਾਦ ਕੀਤਾ ਹੈ (ਲੂਕਾ 6:15; ਰਸੂਲਾਂ ਦੇ ਕੰਮ 1:13)।

**ਯਹੂਦਾ ਇਸਕਰਿਯੋਤੀ** ਦਾ ਨਾਂਅ ਰਸੂਲਾਂ ਦੇ ਕੰਮ 1:13 ਨੂੰ ਛੱਡ ਕੇ ਜਿੱਥੇ ਉਸਦਾ ਨਾਂਅ ਨਹੀਂ ਮਿਲਦਾ ਹਰ ਫ਼ਹਰਿਸਤ ਦੇ ਅਖ਼ੀਰ ਵਿਚ ਆਉਂਦਾ ਹੈ। ਯਿਸੂ ਨੂੰ ਉਸ ਵੱਲੋਂ ਫੜਵਾਏ ਜਾਣ ਦੀ ਗੱਲ ਦਾ ਜ਼ਿਕਰ ਤਦੇ ਮਿਲਦਾ ਹੈ ਜਦ ਰਸੂਲਾਂ ਦੇ ਕੰਮ 1:25, 26 ਵਿਚ ਲਿਖੇ ਉਸਦੇ ਉੱਤਰਾਧਿਕਾਰੀ ਮਥਿਆਸ ਦੀ ਚੋਣ ਦਾ ਜ਼ਿਕਰ ਆਉਂਦਾ ਹੈ। ''ਇਸਕਰਿਯੋਤੀ'' ਸ਼ਬਦ ਦਾ ਅਰਥ ਯਹੂਦਾ ਵਿਚ ਵੱਸੇ ਨਗਰ ''ਕਰਿਯੋਥ ਦਾ ਰਹਿਣ ਵਾਲਾ'' ਹੋ ਸਕਦਾ ਹੈ (ਯਹੋਸ਼ੁਆ 15:25)।[11] ਜੇ ਇਹ ਗੱਲ ਹੈ ਤਾਂ

ਯਹੂਦਾ ਇਕੱਲਾ ਰਸੂਲ ਸੀ ਜਿਹੜਾ ਗਲੀਲ ਵਿੱਚੋਂ ਨਹੀਂ ਸੀ। ਇਸ ਸ਼ਬਦ ਦੀਆਂ ਹੋਰ ਵਿਆਖਿਆਵਾਂ ਵਿਚ ''ਕਤਲ,'' ''ਧੋਖੇਬਾਜ਼,'' ''ਲਾਲ,'' ''ਲਾਲ ਸਿਰ,'' ''ਲਾਲ ਰੰਗ ਦੇਣ ਵਾਲਾ'' ਅਤੇ ''ਚਮੜੇ ਦੀ ਥੈਲੀ ਰੱਖਣ ਵਾਲਾ''[12] ਕਈ ਪੁਰਾਣੀਆਂ ਹੱਥਲਿਖਤਾਂ ਵਿਚ ''ਸ਼ਮਊਨ ਇਸਕਰਿਯੋਤੀ'' ਨੂੰ ਉਸ ਦਾ ਪਿਤਾ ਦੱਸਿਆ ਗਿਆ ਹੈ (ਯੂਹੰਨਾ 6:71)। ਯਹੂਦਾ ਇਕ ਚੋਰ ਸੀ (ਯੂਹੰਨਾ 12:6) **ਜਿਸ ਨੇ ਪ੍ਰਭੂ ਨੂੰ ਫੜਵਾ ਦਿੱਤਾ।** ਯਿਸੂ ਨੇ ਇਕ ਮੌਕੇ ਤੇ ਉਹਦੇ ਲਈ ਆਖਿਆ ਸੀ, ''ਕੀ ਮੈਂ ਤੁਸਾਂ ਬਾਰ੍ਹਾਂ ਨੂੰ ਨਹੀਂ ਚੁਣਿਆ ਅਤੇ ਤੁਹਾਡੇ ਵਿੱਚੋਂ ਇਕ ਜਣਾ ਸ਼ੈਤਾਨ ਹੈ?'' (ਯੂਹੰਨਾ 6:70, 71)।

ਯਿਸੂ ਨੇ ਉਨ੍ਹਾਂ ਬਾਰ੍ਹਾਂ ਦੇ ਵੱਖੋ ਵੱਖ ਪਿਛੋਕੜ ਦੇ ਬਾਵਜੂਦ ਚੁਣਿਆ। ਬੇਸ਼ੱਕ ਉਨ੍ਹਾਂ ਲਈ ਬਹੁਤ ਕੁਝ ਸਾਂਝਾ ਸੀ ਪਰ ਉਨ੍ਹਾਂ ਦੇ ਮਿਜ਼ਾਜ ਅਤੇ ਸੁਭਾਅ ਵੱਖੋ ਵੱਖ ਸਨ। ਪਤਰਸ ਕਾਹਲਾ, ਆਸ਼ਾਵਾਦੀ ਸੀ ਜੋ ਆਮ ਤੌਰ ਤੇ ਬਿਨਾਂ ਸੋਚੇ ਸਮਝੇ ਬੋਲ ਦਿੰਦਾ ਸੀ (14:28; 26:33, 35)। ਥੋਮਾ ਨਿਰਾਸ਼ਾਵਾਦੀ ਸੀ (ਕੁਝ ਲੋਕ ਉਸ ਨੂੰ ਯਥਾਰਥਵਾਦੀ ਕਹਿਣਗੇ), ਜਿਹੜਾ ਉਸ ਨੂੰ ਦੱਸੀਆਂ ਗਈਆਂ ਗੱਲਾਂ ਨੂੰ ਮੰਨਣ ਤੋਂ ਪਹਿਲਾਂ ਉਨ੍ਹਾਂ ਦਾ ਸਬੂਤ ਚਾਹੁੰਦਾ ਸੀ (ਯੂਹੰਨਾ 11:16; 20:24, 25)। ਸ਼ਮਊਨ ਕਨਾਨੀ ਸੰਭਵ ਤੌਰ ਤੇ ਰੋਮੀਆਂ ਅਤੇ ਉਨ੍ਹਾਂ ਦੇ ਕੱਠਪੁਤਲੀ ਰਾਜਿਆਂ ਭਾਵ ਹੇਰੋਦੇਸਾਂ ਦਾ ਪੱਕਾ ਦੁਸ਼ਮਣ ਸੀ ਅਤੇ ਮਸੂਲ ਲੈਣ ਵਾਲਿਆਂ ਤੋਂ ਨਫ਼ਰਤ ਕਰਦਾ ਸੀ। ਅਜੀਬ ਗੱਲ ਇਹੀ ਹੈ ਕਿ ਬਾਅਦ ਵਿਚ ਮਸੂਲ ਲੈਣ ਵਾਲੇ ਮੱਤੀ ਨਾਲ ਉਹ ਇਕ ਰਸੂਲ ਬਣ ਗਿਆ। ਯਿਸੂ ਦੀ ਮਹਾਨਤਾ ਇਸੇ ਗੱਲ ਵਿਚ ਵੇਖੀ ਜਾਂਦੀ ਹੈ ਕਿ ਉਹ ਵੱਖੋ ਵੱਖ ਲੋਕਾਂ ਦੀਆਂ ਜਮਾਤਾਂ ਨੂੰ ਲੈ ਕੇ ਇੰਜੀਲ ਨੂੰ ਪਹੁੰਚਾਉਣ ਵਾਲੇ ਇਕ ਮਜ਼ਬੂਤ ਬਦਲ ਵਿਚ ਢਾਲ ਦਿੰਦਾ ਹੈ। ਮਿਲਕੇ ਉਨ੍ਹਾਂ ਨੇ ''ਜਗਤ ਨੂੰ ਉਲਟਾ ਪੁਲਟਾ ਕਰ ਦਿੱਤਾ'' (ਵੇਖੋ ਰਸੂਲਾਂ ਦੇ ਕੰਮ 17:6; KJV)।

## ਬਾਰ੍ਹਾਂ ਨੂੰ ਹੁਕਮ ਦੇ ਕੇ ਭੇਜਣਾ (10:5-15)

**[5]ਇਨ੍ਹਾਂ ਬਾਰਾਂ ਨੂੰ ਯਿਸੂ ਨੇ ਘੱਲਿਆ ਅਤੇ ਉਨ੍ਹਾਂ ਨੂੰ ਇਹ ਆਗਿਆ ਦੇ ਕੇ ਕਿਹਾ- ਤੁਸੀਂ ਪਰਾਈਆਂ ਕੌਮਾਂ ਦੇ ਰਾਹ ਨਾ ਜਾਣਾ ਅਤੇ ਸਾਮਰੀਆਂ ਦੇ ਕਿਸੇ ਨਗਰ ਵਿਚ ਨਾ ਵੜਨਾ। [6]ਸਗੋਂ ਇਸਰਾਏਲ ਦੇ ਘਰਾਣੇ ਦੀਆਂ ਗੁਆਚੀਆਂ ਹੋਈਆ ਭੇਡਾਂ ਕੋਲ ਜਾਓ। [7]ਅਤੇ ਤੁਰਦੇ ਤੁਰਦੇ ਪ੍ਰਚਾਰ ਕਰੋ ਕੇ ਆਖੋ ਭਈ ਸੁਰਗ ਦਾ ਰਾਜ ਨੇੜੇ ਆਇਆ ਹੈ। [8]ਰੋਗੀਆਂ ਨੂੰ ਚੰਗਾ ਕਰੋ, ਮੁਰਦਿਆਂ ਨੂੰ ਜਿਵਾਲੋਂ, ਕੋੜ੍ਹੀਆਂ ਨੂੰ ਸ਼ੁੱਧ ਕਰੋ, ਭੂਤਾਂ ਨੂੰ ਕੱਢੋ। ਤੁਸਾਂ ਮੁਫ਼ਤ ਲਿਆ ਹੈ, ਮੁਫ਼ਤ ਹੀ ਦਿਓ। [9]ਨਾ ਸੋਨਾ, ਨਾ ਚਾਂਦੀ, ਨਾ ਤਾਂਬਾ ਆਪਣੇ ਕਮਰਕੱਸੇ ਵਿਚ ਲਓ। [10]ਅਤੇ ਨਾ ਰਾਹ ਦੇ ਲਈ ਝੋਲਾ ਨਾ ਦੋ ਕੁੜਤੇ ਨਾ ਜੁੱਤੀ ਅਤੇ ਨਾ ਲਾਠੀ ਲਓ ਕਿਉਂ ਜੋ ਕਾਮਾ ਆਪਣੇ ਭੋਜਨ ਦਾ ਹੱਕਦਾਰ ਹੈ। [11]ਅਤੇ ਜਿਸ ਨਗਰ ਯਾ ਪਿੰਡ ਵਿਚ ਵੜੋ ਪੁੱਛੋ ਭਈ ਇੱਥੇ ਲਾਇਕ ਕੌਣ ਹੈ ਅਤੇ ਜਿੰਨਾ ਚਿਰ ਨਾ ਤੁਰੋਂ ਉੱਥੇ ਹੀ ਟਿਕੋ। [12]ਅਰ ਘਰ ਵਿਚ ਵੜਦਿਆਂ ਉਹ ਦੀ ਸੁਖ ਮੰਗੋਂ। [13]ਅਤੇ ਜੇ ਘਰ ਲਾਇਕ ਹੋਵੇ ਤਾਂ ਤੁਹਾਡੀ ਸ਼ਾਂਤੀ ਉਹ ਨੂੰ ਪਹੁੰਚੇ ਪਰ ਜੇ ਲਾਇਕ ਨਾ ਹੋਵੇ ਤਾਂ ਤੁਹਾਡੀ ਸ਼ਾਂਤੀ ਤੁਹਾਨੂੰ ਮੁੜ ਆਵੇ। [14]ਅਤੇ ਜੋ ਕੋਈ ਤੁਹਾਨੂੰ ਕਬੂਲ ਨਾ ਕਰੇ, ਨਾ ਤੁਹਾਡੀਆਂ ਗੱਲਾਂ ਸੁਣੇ ਤਾਂ ਤੁਸੀਂ ਉਸ ਘਰ ਅਥਵਾ ਨਗਰ ਤੋਂ ਬਾਹਰ ਨਿੱਕਲ ਕੇ ਆਪਣੇ ਪੈਰਾਂ ਦੀ ਧੂੜ ਝਾੜ ਸੁੱਟੋ। [15]ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਨਿਆਉਂ ਦੇ ਦਿਨ ਉਸ ਨਗਰ ਨਾਲੋਂ ਸਦੂਮ ਅਤੇ ਅਮੂਰਾਹ ਦੇ ਦੇਸ ਦਾ ਹਾਲ ਝੱਲਣ ਜੋਗ ਹੋਵੇਗਾ।**

ਇਹ ਦੱਸਣ ਦੇ ਬਾਅਦ ਕਿ ਯਿਸੂ ਨੇ ਆਪਣੇ ਰਸੂਲਾਂ ਨੂੰ ਸੱਦਿਆ (10:1) ਅਤੇ ਉਨ੍ਹਾਂ ਦੇ ਨਾਂਵਾਂ ਦੀ ਫ਼ਹਰਿਸਤ ਦੇਣ ਦੇ ਬਾਅਦ (10:2–4), ਮੱਤੀ ਨੇ ਉਸਦੇ ਲਿਮਿਟਡ ਕਮੀਸ਼ਨ ਲਈ ਯਿਸੂ ਦੀਆਂ ਖ਼ਾਸ ਹਦਾਇਤਾਂ ਵੀ ਸ਼ਾਮਿਲ ਕੀਤੀਆਂ (10:5–15)।

**ਆਇਤਾਂ 5, 6.** ਰਸੂਲਾਂ ਦੇ ਜਾਣ, ਪ੍ਰਚਾਰ ਦੇ ਕੰਮ ਜਾਂ ਵਾਪਸੀ ਦਾ ਕੋਈ ਸਪੱਸ਼ਟ ਵੇਰਵਾ ਨਹੀਂ ਦਿੱਤਾ ਗਿਆ। ਮੱਤੀ ਨੇ ਸਿਰਫ਼ ਐਨਾਂ ਲਿਖਿਆ ਹੈ ਕਿ **ਇਨ੍ਹਾਂ ਬਾਰਾਂ ਨੂੰ ਯਿਸੂ ਨੇ ਘੱਲਿਆ ਅਤੇ ਉਨ੍ਹਾਂ ਨੂੰ ਇਹ ਆਗਿਆ ਦੇ ਕੇ ਕਿਹਾ।** ਯੂਨਾਨੀ ਭਾਸ਼ਾ ਦਾ ਸ਼ਬਦ (*apostello*) ਜਿਸ ਦਾ ਅਨੁਵਾਦ "ਘੱਲਿਆ ਹੋਇਆ" ਹੁੰਦਾ ਹੈ, ਨਾਊਂ ਸ਼ਬਦ "ਰਸੂਲ" ਨਾਲ ਸਬੰਧਿਤ ਹੈ। ਮਰਕੁਸ 6:7 ਤੋਂ ਸੰਕੇਤ ਮਿਲਦਾ ਹੈ ਕਿ ਰਸੂਲਾਂ ਨੂੰ "ਦੋ ਦੋ ਕਰਕੇ" ਘੱਲਿਆ ਗਿਆ ਸੀ। ਕਿਰਿਆ ਸ਼ਬਦ (*parangello*) ਜਿਸਦਾ ਅਨੁਵਾਦ "ਆਗਿਆ ਦੇ ਕੇ" ਹੋਇਆ ਹੈ, ਨਵੇਂ ਨੇਮ ਵਿਚ ਤੀਹ ਤੋਂ ਵੱਧ ਵਾਰ ਮਿਲਦਾ ਹੈ ਅਤੇ ਇਸਦਾ ਅਨੁਵਾਦ ਅੱਡ ਅੱਡ ਤਰੀਕੇ ਨਾਲ ਹੋਇਆ ਹੈ। ਇਸ ਦੀ ਵਰਤੋਂ ਫ਼ੌਜੀ ਸ਼ਬਦ, ਕਾਨੂੰਨੀ ਸ਼ਬਦ, ਇਖ਼ਲਾਕੀ ਸ਼ਬਦ, ਡਾਕਟਰੀ ਸ਼ਬਦ ਅਤੇ ਸਵੀਕਾਰ ਯੋਗ ਮਾਨਕਾਂ ਜਾਂ ਤਕਨੀਕਾਂ ਲਈ ਹੋਈ ਹੈ। ਇਸ ਵਿਚ ਜ਼ਰੂਰੀ ਫ਼ਰਜ਼ ਦਾ ਵਿਚਾਰ ਪਾਇਆ ਜਾਂਦਾ ਹੈ। ਆਗਿਆ ਦਿੱਤੇ ਜਾਣ ਵਾਲੇ ਨੂੰ ਆਗਿਆਕਾਰ ਹੋਣ ਦੀ ਚੁਣੌਤੀ ਦਿੱਤੀ ਜਾਂਦੀ ਸੀ।

ਯਿਸੂ ਨੇ ਬਾਰ੍ਹਾਂ ਨੂੰ ਆਗਿਆ ਦਿੱਤੀ, **"ਤੁਸੀਂ ਪਰਾਈਆਂ ਕੌਮਾਂ ਦੇ ਰਾਹ ਨਾ ਜਾਣਾ ਅਤੇ ਸਾਮਰੀਆਂ ਦੇ ਕਿਸੇ ਨਗਰ ਵਿਚ ਨਾ ਵੜਨਾ। ਸਗੋਂ ਇਸਰਾਏਲ ਦੇ ਘਰਾਣੇ ਦੀਆਂ ਗੁਆਚੀਆਂ ਹੋਈਆ ਭੇਡਾਂ ਕੋਲ ਜਾਓ।"** ਇੰਜੀਲ ਦੇ ਹੋਰ ਵਿਰਤਾਂਤਾਂ ਵਿਚ ਇਹ ਪਾਬੰਦੀ ਕਿਤੇ ਹੋਰ ਨਹੀਂ ਦੁਹਰਾਈ ਗਈ। ਇੱਥੋਂ ਤਕ ਕਿ ਸੱਤਰਾਂ ਲਈ ਵੀ ਇਹ ਜ਼ਰੂਰੀ ਨਹੀਂ ਸੀ। ਯਿਸੂ ਨੇ ਆਪਣੇ ਰਸੂਲਾਂ ਨੂੰ "ਹਰ ਨਗਰ ਅਤੇ ਹਰ ਥਾਂ ਜਿੱਥੇ ਆਪ ਜਾਣ ਵਾਲਾ ਸੀ ਉਨ੍ਹਾਂ ਨੂੰ ਦੋ ਦੋ ਕਰਕੇ ਅੱਗੇ ਘੱਲਿਆ" (ਲੂਕਾ 10:1)। ਰਸੂਲਾਂ ਤੇ ਉਸ ਦੀ ਇਹ ਪਾਬੰਦੀ ਆਪਣੇ ਮਿਸ਼ਨ ਨੂੰ ਸਮਝਾਉਣ ਦੇ ਉਸ ਦੇ ਢੰਗ ਨਾਲ ਮੇਲ ਖਾਂਦੀ ਸੀ। ਉਸਨੇ ਆਖਿਆ, "ਮੈਂ ਇਸਰਾਏਲ ਦੇ ਪਰਿਵਾਰ ਦੀ ਗੁਆਚੀਆਂ ਹੋਈਆਂ ਭੇਡਾਂ ਦੇ ਬਿਨਾਂ ਹੋਰਨਾਂ ਕੋਲ ਨਹੀਂ ਘੱਲਿਆ ਗਿਆ" (15:24)। ਇਹ ਰੂਪਕ ਖ਼ੁਦਾ ਦੇ ਲੋਕਾਂ ਨੂੰ ਪਹਾੜਾਂ ਤੇ ਖਿੱਲਰੀਆਂ ਹੋਈਆਂ ਭੇਡਾਂ ਦੇ ਰੂਪ ਵਿਚ ਵਿਖਾਉਂਦਾ ਹੈ (ਵੇਖੋ ਯਸਾਯਾਹ 53:6; ਯਿਰਮਿਯਾਹ 50:6; ਹਿਜ਼ਕੀਏਲ 34:11–16; 1 ਪਤਰਸ 2:25)। ਰੌਬਰਟ ਐਚ. ਮਾਉਂਸ ਨੇ "ਇਸ ਇਕੱਠਾ ਹੋਣ" ਨੂੰ "ਮਸੀਹਾ ਦੇ ਯੁੱਗ ਦੀ ਪ੍ਰਭਾਤ" ਦੇ ਰੂਪ ਵਿਚ ਵੇਖਿਆ।[13]

ਯਿਸੂ ਦੀਆਂ ਹਦਾਇਤਾਂ ਨੇ ਬਾਰ੍ਹਾਂ ਤੋਂ ਸਿਰਫ਼ ਯਹੂਦੀ ਅਬਾਦੀ ਤਕ ਜਾਣ ਦੀ ਪਾਬੰਦੀ ਲਾ ਦਿੱਤੀ। ਵਿਲਿਅਮ ਬਾਰਕਲੇ ਨੇ ਲਿਖਿਆ ਹੈ, "ਉਹ ਉੱਤਰ ਵੱਲ ਨੂੰ ਸਿਰੀਆ ਵਿਚ ਨਹੀਂ ਜਾ ਸਕਦੇ ਸਨ, ਨਾ ਪੂਰਬ ਵੱਲ ਨੂੰ ਦਿਕਾਪੁਲਿਸ ਵਿਚ ਜਾ ਸਕਦੇ ਸਨ ਜੋ ਮੁੱਖ ਤੌਰ ਤੇ ਪਰਾਈਆਂ ਕੌਮਾਂ ਦਾ ਇਲਾਕਾ ਸੀ।"[14] ਉਨ੍ਹਾਂ ਨੂੰ ਦੱਖਣ ਵੱਲ ਅਤੇ "ਸਾਮਰੀਆਂ ਦੇ ਕਿਸੇ ਨਗਰ ਵਿਚ ਨਾ" ਜਾਣ ਲਈ ਕਿਹਾ ਗਿਆ ਸੀ। "ਇਸ ਹੁਕਮ ਦਾ ਅਸਰ ... ਬਾਰ੍ਹਾਂ ਦੀਆਂ ਮੁੱਢਲੀਆਂ ਯਾਤਰਾਵਾਂ ਨੂੰ ਗਲੀਲ ਤਕ ਸੀਮਤ ਕਰਨਾ ਹੈ।"[15] 10:23 ਵਿਚ ਯਿਸੂ ਨੇ ਕਿਹਾ ਕਿ ਉਨ੍ਹਾਂ ਨੇ "ਇਸਰਾਏਲ ਦੀਆਂ ਸਾਰਿਆਂ ਨਗਰਾਂ ਵਿਚ" ਜਾਣਾ ਸੀ ਜਿਨ੍ਹਾਂ ਵਿਚ ਗਲੀਲ ਨਾਲੋਂ ਵੱਧ ਸ਼ਹਿਰ ਹੋਣੇ ਸਨ।

ਰਸੂਲਾਂ ਉੱਤੇ ਇਹ ਪਾਬੰਦੀਆਂ ਕਿਉਂ ਲਾਈਆਂ ਗਈਆਂ? ਇਸ ਦੇ ਕਈ ਜਵਾਬ ਦਿੱਤੇ ਜਾ ਸਕਦੇ ਹਨ। (1) ਮੁਤਅੱਸਬ ਜਿਹੜਾ ਯਹੂਦੀਆਂ ਅਤੇ ਗੈਰਕੌਮਾਂ ਵਿਚ ਅਤੇ ਯਹੂਦੀਆਂ ਅਤੇ ਸਾਮਰੀਆਂ ਵਿਚ ਸੀ[16] ਬਹੁਤ ਵੱਡਾ ਸੀ। ਬੇਸ਼ੱਕ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਯਿਸੂ ਦਾ ਮਿਸ਼ਨ ਸਭ ਲੋਕਾਂ ਨੂੰ ਬਚਾਉਣਾ ਸੀ। ਅਖ਼ੀਰ ਵਿਚ ਉਸ ਨੇ ਆਪਣੇ ਚੇਲਿਆਂ ਨੂੰ "ਸਾਰੀਆਂ ਕੌਮਾਂ" ਵਿਚ ਅਤੇ "ਸਰਬੱਤ ਸਰਿਸ਼ਟ" ਕੋਲ ਭੇਜਿਆ (28:19; ਮਰਕੁਸ 16:15)। (2) ਯਹੂਦੀ ਲੋਕ ਆਉਣ ਵਾਲੇ ਰਾਜੇ ਲਈ ਵੱਧ ਤਿਆਰ ਸਨ। ਇਹ ਜ਼ਿਆਦਾ ਚੰਗਾ ਸੀ ਕਿ "ਮਜ਼ਦੂਰਾਂ ਨੂੰ ਵਾਢੀ ਵਾਲੇ ਸਿਰਫ਼ ਉਸੇ ਖੇਤ ਵਿਚ ਭੇਜਿਆ ਜਾਵੇ ਜਿਸ ਉੱਤੇ ਦਾਤੀ ਲਾਈ ਜਾ ਸਕਦੀ ਹੋਵੇ।"[17] (3) ਰਸੂਲਾਂ ਦਾ ਸਮਾਂ ਸੀਮਤ ਸੀ ਜਿਸ ਕਰਕੇ ਉਹ ਇਸ ਸਮੇਂ ਦੌਰਾਨ ਇਸਰਾਏਲ ਦੇ ਸਾਰੇ ਨਗਰਾਂ ਵਿਚ ਵੀ ਨਹੀਂ ਘੁੰਮ ਸਕਦੇ ਸਨ। (4) ਮੁਕਤੀ "ਪਹਿਲਾਂ ਤਾਂ ਯਹੂਦੀ ਅਤੇ ਫਿਰ ਯੂਨਾਨੀ ਲਈ" ਸੀ (ਰੋਮੀਆਂ 1:16)। ਖ਼ੁਸ਼ਖ਼ਬਰੀ

ਜਾਂ ਇੰਜੀਲ ਗੈਰਕੌਮ ਸੰਸਾਰ ਵਿਚ ਉਦੋਂ ਤਕ ਨਹੀਂ ਸੁਣਾਈ ਜਾਣੀ ਸੀ ਜਦ ਤਕ ਪਹਿਲਾਂ ਯਹੂਦੀਆਂ ਨੂੰ ਇਸ ਨੂੰ ਸੁਣਨ ਦਾ ਮੌਕਾ ਨਾ ਦਿੱਤਾ ਜਾਂਦਾ (ਰਸੂਲਾਂ ਦੇ ਕੰਮ 10)।

**ਆਇਤ 7.** ਰਸੂਲਾਂ ਨੂੰ ਨਾ ਸਿਰਫ਼ ਉਨ੍ਹਾਂ ਦਾ ਮਿਸ਼ਨ ਦਿੱਤਾ ਗਿਆ ਬਲਕਿ ਉਨ੍ਹਾਂ ਨੂੰ ਉਨ੍ਹਾਂ ਦਾ ਸੰਦੇਸ਼ ਵੀ ਦਿੱਤਾ ਗਿਆ। **ਪ੍ਰਚਾਰ** ਲਈ ਬਾਹਰ ਜਾਣ ਤੇ ਉਨ੍ਹਾਂ ਨੇ ਲੋਕਾਂ ਨੂੰ ਦੱਸਣਾ ਸੀ, **''ਸੁਰਗ ਦਾ ਰਾਜ ਨੇੜੇ ਆਇਆ ਹੈ।''** ਇਹ ਉਨ੍ਹਾਂ ਦਾ ਮੁੱਖ ਸੰਦੇਸ਼ ਸੀ, ਪਰ ਬੇਸ਼ੱਕ ਉਹ ਇਸ ਨੂੰ ਖੋਲ੍ਹ ਕੇ ਸਮਝਾਉਂਦੇ ਸਨ ਕਿ ਇਸ ਦਾ ਮਤਲਬ ਕੀ ਹੈ। ਯਕੀਨਨ ਹੀ ਇਹ ਉਹੀ ਸੰਦੇਸ਼ ਸੀ ਜਿਸ ਦਾ ਪ੍ਰਚਾਰ ਯੂਹੰਨਾ ਅਤੇ ਯਿਸੂ ਨੇ ਵੀ ਕੀਤਾ ਸੀ (3:2 ਤੇ ਟਿੱਪਣੀਆਂ ਵੇਖੋ; 4:17)। ਰਾਜ ''ਨੇੜੇ'' ਹੋਣ ਦੀ ਗੱਲ ਕਹਿਣ ਤੋਂ ਭਾਵ ਸੀ ਕਿ ਇਹ ਅਜੇ ਆਇਆ ਨਹੀਂ ਹੈ ਪਰ ਛੇਤੀ ਹੀ ਆਉਣ ਵਾਲਾ ਹੈ। ਇਸ ਐਲਾਨ ਦੇ ਕੁਝ ਸਾਲਾਂ ਦੇ ਅੰਦਰ ਹੀ ਯਿਸੂ ਦੀਆਂ ਨਬੂਵਤਾਂ ਨੂੰ ਪੂਰਾ ਕਰਦੇ ਹੋਏ ਰਾਜ ਕੁਦਰਤ ਨਾਲ ਆ ਗਿਆ (ਮਰਕੁਸ 9:1; ਰਸੂਲਾਂ ਦੇ ਕੰਮ 1:8; 2:1–4, 29–36)।

ਇਹ ਕਹਿਣਾ ਕਿ ਰਾਜ ਅਜੇ ਨਹੀਂ ਆਇਆ ਹੈ, ਜਾਂ ਇਹ ਸਿਖਾਉਣਾ ਕਿ ਇਹ ਦੂਰ ਭਵਿੱਖ ਵਿਚ ਆਉਣ ਵਾਲਾ ਹੈ, ਨਵੇਂ ਨੇਮ ਦੀਆਂ ਪ੍ਰਮਾਣਿਕ ਸਿੱਖਿਆਵਾਂ ਦਾ ਇਨਕਾਰ ਕਰਨਾ ਹੈ (1 ਕੁਰਿੰਥੀਆਂ 15:24, 25; ਕੁਲੁੱਸੀਆਂ 1:13; ਇਬਰਾਨੀਆਂ 12:28; ਪ੍ਰਕਾਸ਼ ਦੀ ਪੋਥੀ 1:9; 6:10 ਤੇ ਟਿੱਪਣੀਆਂ ਵੇਖੋ)।

**ਆਇਤ 8.** ਰਸੂਲਾਂ ਨੇ ਸਿਰਫ਼ ਪ੍ਰਚਾਰ ਹੀ ਨਹੀਂ ਕਰਨਾ ਸੀ ਬਲਕਿ ਉਨ੍ਹਾਂ ਨੇ ਮੋਅਜਜ਼ੇ ਵੀ ਕਰਨੇ ਸਨ ਜਿਨ੍ਹਾਂ ਇੰਜੀਲ ਦੇ ਤਰਸ ਦਾ ਪਤਾ ਲਗਦਾ ਅਤੇ ਉਨ੍ਹਾਂ ਦੀ ਸਚਿਆਈ ਦੀ ਤਸਦੀਕ ਹੁੰਦੀ। ਉਨ੍ਹਾਂ ਨੇ **ਰੋਗੀਆਂ ਨੂੰ ਚੰਗਾ** ਕਰਨਾ **ਮੁਰਦਿਆਂ ਨੂੰ** ਜਿਵਾਉਣਾ, **ਕੋੜ੍ਹੀਆਂ ਨੂੰ ਸ਼ੁੱਧ** ਕਰਨਾ, *[ਅਤੇ]* **ਭੂਤਾਂ ਨੂੰ** ਕੱਢਣਾ ਸੀ। ਯਿਸੂ ਨੇ ਪਹਿਲਾਂ ਹੀ ਬੀਮਾਰਾਂ ਨੂੰ ਚੰਗਿਆਂ ਕੀਤਾ ਸੀ (4:23, 24; 8:5–16; 9:1–8, 20–22, 27–31, 35), ਮੁਰਦਿਆਂ ਨੂੰ ਜ਼ਿੰਦਾ ਕੀਤਾ ਸੀ (9:18–26), ਇਕ ਕੋੜ੍ਹੀ ਨੂੰ ਸ਼ੁੱਧ ਕੀਤਾ ਸੀ (8:1–4), ਅਤੇ ਭੂਤਾਂ ਨੂੰ ਕੱਢਿਆ ਸੀ (4:24; 8:16, 28–34; 9:32–34)। ਰਸੂਲਾਂ ਨੇ ਯਿਸੂ ਦੀਆਂ ਪੈੜਾਂ ਤੇ ਚੱਲਣਾ ਸੀ।

ਇਨ੍ਹਾਂ ਮੋਅਜਜ਼ਿਆਂ ਨੇ ਰਸੂਲਾਂ ਦੇ ਸੰਦੇਸ਼ ਦੀ ਤਸਦੀਕ ਤੇ ਨਿਸ਼ਾਨਾਂ ਦਾ ਕੰਮ ਕਰਨਾ ਸੀ (ਮਰਕੁਸ 16:17, 18; ਇਬਰਾਨੀਆਂ 2:3, 4)। ਉਹ ਮੋਅਜਜ਼ੇ ਆਪਣੀ ਸ਼ਕਤੀ ਵਿਖਾਉਣ ਦੇ ਮਕਸਦ ਲਈ ਹੀ ਨਹੀਂ ਕੀਤੇ ਜਾਣੇ ਸਨ ਬਲਕਿ ਉਹ ਇਹ ਸਾਬਿਤ ਕਰਨ ਲਈ ਕੀਤੇ ਜਾਣੇ ਸਨ ਕਿ ਉਨ੍ਹਾਂ ਦਾ ਸੰਦੇਸ਼ ਖ਼ੁਦਾ ਵੱਲੋਂ ਹੀ ਹੈ। ਇੰਜੀਲ ਦੇ ਹੋਰ ਵਿਰਤਾਂਤਾਂ ਤੋਂ ਇਹ ਸਪੱਸ਼ਟ ਹੈ ਕਿ ਬਾਰ੍ਹਾਂ ਅਤੇ ਬਾਅਦ ਵਿਚ ਸੱਤਰਾਂ ਦੇ ਸੱਤਰ, ਬੀਮਾਰਾਂ ਨੂੰ ਚੰਗਿਆਂ ਕਰਨ ਅਤੇ ਭੂਤਾਂ ਨੂੰ ਮੱਢਣ ਦੀ ਸ਼ਕਤੀ ਰੱਖਦੇ ਸਨ (ਮਰਕੁਸ 6:12, 13; ਲੂਕਾ 9:6; 10:17)। ਇਸ ਦੇ ਇਲਾਵਾ ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਰਸੂਲਾਂ ਵੱਲੋਂ ਮੁਰਦਿਆਂ ਨੂੰ ਜ਼ਿੰਦਾ ਕਰਨ ਦੀਆਂ ਦੋ ਉਦਾਹਰਣਾਂ ਹਨ (ਰਸੂਲਾਂ ਦੇ ਕੰਮ 9:36–43; 20:9–12)।

ਯਿਸੂ ਨੇ ਆਪਣੇ ਰਸੂਲਾਂ ਨੂੰ ਕਿਹਾ, **''ਤੁਸਾਂ ਮੁਫ਼ਤ ਲਿਆ ਹੈ, ਮੁਫ਼ਤ ਹੀ ਦਿਓ।''** ਉਨ੍ਹਾਂ ਨੂੰ ਬਿਨਾਂ ਕੀਮਤ ਵਸੂਲੇ ਮੋਅਜਜ਼ੇ ਕਰਨ ਦੀ ਸ਼ਕਤੀ ਦਿੱਤੀ ਗਈ ਸੀ। ਇਹ ਮੁਫ਼ਤ ਦਿੱਤੀ ਗਈ ਸੀ ਅਤੇ ਉਨ੍ਹਾਂ ਲਈ ਇਸ ਨੂੰ ਲੋੜਵੰਦਾਂ ਨੂੰ ਬਿਨਾਂ ਕੀਮਤ ਵਸੂਲੇ ਦੇਣਾ ਜ਼ਰੂਰੀ ਸੀ। ਧੋਖੇਬਾਜ਼ ਲੋਕ ਬੜੀਆਂ ਬੜੀਆਂ ਸ਼ਕਤੀਆਂ ਹੋਣ ਦਾ ਦਾਅਵਾ ਕਰਦੇ ਸਨ ਅਤੇ ਉਹ ਆਪਣੇ ਫ਼ਰੇਬ ਦੀ ਵਰਤੋਂ ਨਿੱਜੀ ਲਾਭ ਨਹੀਂ ਕਰਦੇ ਸਨ (ਵੇਖੋ 7:15–23)। ਸ਼ਮਊਨ ਜਾਦੂਗਰ ਅਤੇ ਇਲਮਾਸ (ਬਾਰ–ਯੇਸੁਸ) ਅਜਿਹੇ ਹੀ ਲੋਕ ਸਨ (ਰਸੂਲਾਂ ਦੇ ਕੰਮ 8:9–13, 18–24; 13:6–12)। ਇੰਜੀਲ ਦੇ ਸੁਣਾਉਣ ਵਾਲੇ ਇਵੈਂਜਲਿਸਟ ਉਸ ਮਦਦ ਦੇ ਯੋਗ ਹਨ ਜਿਹੜੀ ਉਨ੍ਹਾਂ ਨੂੰ ਮਿਲਦੀ ਹੈ (10:10; 1 ਕੁਰਿੰਥੀਆਂ 9:8–14), ਪਰ ਉਹ ਆਪਣੀਆਂ ਸੇਵਾਵਾਂ ਨੂੰ ਵੇਚ ਨਹੀਂ ਸਕਦੇ। ਐਲਡਰਾਂ ਦੇ ਰੂਪ ਵਿਚ ਸੇਵਾ ਕਰਨ

ਵਾਲੇ ਆਦਮੀਆਂ ਲਈ ''ਪੈਸੇ ਦੇ ਲੋਭ'' (1 ਤਿਮੋਥਿਉਸ 3:3) ਅਤੇ ''ਝੂਠੇ ਨਫ਼ੇ ਦੇ ਲੋਭ'' ਤੋਂ ਮੁਕਤ ਹੋਣਾ ਜ਼ਰੂਰੀ ਹੈ (ਤੀਤੁਸ 1:7; ਵੇਖੋ 1 ਪਤਰਸ 5:2)।

**ਆਇਤਾਂ 9, 10.** ਰਸੂਲਾਂ ਨੇ ਆਪਣੀਆਂ ਸੇਵਾਵਾਂ ਲਈ ਪੈਸੇ ਨਹੀਂ ਵਸੂਲਣੇ ਸਨ ਨਾ ਹੀ ਉਨ੍ਹਾਂ ਨੇ ਧੰਨ ਜਮ੍ਹਾ ਕਰਨਾ ਸੀ ਜਿਸ ਨਾਲ ਉਹ ਆਪਣੇ ਖ਼ਰਚੇ ਪੂਰੇ ਕਰ ਸਕਦੇ। ਯਿਸੂ ਨੇ ਆਖਿਆ, **''ਨਾ ਸੋਨਾ, ਨਾ ਚਾਂਦੀ, ਨਾ ਤਾਂਬਾ ਆਪਣੇ ਕਮਰ ਕੱਸੇ ਵਿਚ ਲਓ।''** ਇੱਥੇ ''ਸੋਨਾ,'' ''ਚਾਂਦੀ'' ਅਤੇ ''ਤਾਂਬਾ'' ਵੱਖੋ ਵੱਖ ਕਿਸਮਾਂ ਦੇ ਸਿੱਕਿਆਂ ਨੂੰ ਕਿਹਾ ਗਿਆ ਹੈ ਜਿਸ ਵਿਚ ਸੋਨਾ ਸਭ ਤੋਂ ਮਹਿੰਗਾ ਹੈ ਅਤੇ ਤਾਂਬਾ ਸਭ ਤੋਂ ਸਸਤਾ। ''ਕਮਰਕੱਸੇ'' ਤੋਂ ਭਾਵ ''ਪੇਟੀ ਵਿਚ ਪੈਸੇ ਰੱਖਣ ਦੇ ਪੁਰਾਣੇ ਜ਼ਮਾਨੇ ਦਾ ਢੰਗ'' ਹੈ।[18]

ਰਸੂਲਾਂ ਨੂੰ **ਰਾਹ** ਲਈ **ਝੋਲਾ** ਨਾ ਰੱਖਣ ਦੀ ਵੀ ਹਦਾਇਤ ਸੀ, ਜੋ ਇਸ ਮਿਸ਼ਨ ਦੇ ਥੋੜ੍ਹੀ ਦੇਰ ਤਕ ਰਹਿਣ ਦਾ ਸੰਕੇਤ ਹੈ। ''ਝੋਲਾ'' ਲਈ ਸ਼ਬਦ (*pera*) ਥੈਲੇ ਦੀ ਇਕ ਕਿਸਮ ਹੋ ਸਕਦਾ ਹੈ ਜਿਸ ਵਿਚ ਮੰਗਤੇ ਮਿਲੀ ਹੋਈ ਖੈਰਾਤ ਪਾਉਂਦੇ ਸਨ। ਯਿਸੂ ਨੇ ਪਹਿਲਾਂ ਹੀ ਥੈਲਿਆਂ ਦੀ ਗੱਲ ਕਰ ਦਿੱਤੀ ਸੀ ਇਸ ਕਰਕੇ ਉਹ ਬੋਰੇ ਦੀ ਗੱਲ ਕਰ ਰਿਹਾ ਹੋਵੇਗਾ ਜਿਸ ਵਿਚ ਆਮ ਤੌਰ ਤੇ ਖਾਣਾ ਲਿਜਾਇਆ ਜਾਂਦਾ ਸੀ।[19] ਮਰਕੁਸ ਅਤੇ ਲੂਕਾ ਅਨੁਸਾਰ ਉਨ੍ਹਾਂ ਬਾਰ੍ਹਾਂ ਨੇ ਆਪਣੇ ਨਾਲ ਨਾ ਤਾਂ ਰੋਟੀ ਅਤੇ ਨਾਂ ਰੁਪਿਆ ਲਿਜਾਣਾ ਸੀ (ਮਰਕੁਸ 6:8; ਲੂਕਾ 9:3)। ਇਸ ਦਾ ਮਤਲਬ ਇਹ ਹੋਇਆ ਕਿ ਉਨ੍ਹਾਂ ਨੇ ਨਾ ਤਾਂ ਖਾਣਾ ਅਤੇ ਨਾ ਹੀ ਖਾਣਾ ਖ਼ਰੀਦਣ ਲਈ ਪੈਸੇ ਆਪਣੇ ਕੋਲ ਰੱਖਣੇ ਸਨ। ਉਨ੍ਹਾਂ ਨੇ ਪੂਰੀ ਤਰ੍ਹਾਂ ਨਾਲ ਖ਼ੁਦਾ ਅਤੇ ਹੋਰਨਾਂ ਦੇ ਰਹਿਤ ਤੇ ਨਿਰਭਰ ਹੋਣਾ ਸੀ।[20]

ਯਿਸੂ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ **ਨਾ ਦੋ ਕੁੜਤੇ ਨਾ ਜੁੱਤੀ ਅਤੇ ਨਾ ਲਾਠੀ** ਜੋ ਇਸ ਮਿਸ਼ਨ ਦੇ ਆਰਜੀ ਹੋਣ ਨੂੰ ਵਿਖਾਉਂਦਾ ਹੈ। ''ਕੁੜਤੇ'' ਲਈ ਸ਼ਬਦ (*chiton*) ਦਾ ਅਨੁਵਾਦ ''ਕੋਟ'' (NASB) ਜਾਂ ''ਕਮੀਜ਼ਾਂ'' ਵੀ ਹੋ ਸਕਦਾ ਹੈ (5:40 ਤੇ ਟਿੱਪਣੀਆਂ ਵੇਖੋ)। ਭਲਾ ਯਿਸੂ ਦੇ ਕਹਿਣ ਦਾ ਮਤਲਬ ਇਹ ਸੀ ਕਿ ਉਹ ਜੁੱਤੀ ਲੈਣ ਹੀ ਨਾ, ਨੰਗੇ ਪੈਰ ਹੀ ਜਾਣ, ਇਸ ਦੇ ਉਲਟ ਮਰਕੁਸ 6:9 ਕਹਿੰਦਾ ਹੈ ਕਿ ਉਨ੍ਹਾਂ ਨੇ ''ਜੁੱਤੀ'' ਪਾਉਣੀ ਸੀ। ਮੱਤੀ ਅਤੇ ਮਰਕੁਸ ਵੱਲੋਂ ਵਰਤੇ ਗਏ ਸ਼ਬਦ ਵੱਖੋ ਵੱਖ ਹਨ। ਕਈਆਂ ਦਾ ਕਹਿਣਾ ਹੈ ਕਿ ਮੱਤੀ ਦਾ ਸ਼ਬਦ (*hupodema*) ''ਜੁੱਤੀਆਂ'' ਦਾ ਜਦਕਿ ਮਰਕੁਸ ਦਾ ਸ਼ਬਦ (*sandalion*) ''ਸੈਂਡਲਾਂ'' ਦਾ ਸੰਕੇਤ ਦਿੰਦਾ ਹੈ।[21] ਜੋ ਵੀ ਹੋਵੇ, ਵਿਚਾਰ ਇਹ ਹੈ ਕਿ ਉਨ੍ਹਾਂ ਨੇ *ਵਾਧੂ* ਕੱਪੜੇ ਜਾਂ ਜੁੱਤੀਆਂ ਨਹੀਂ ਲੈਣੀਆਂ ਸਨ ਬਲਕਿ ਉਹੀ ਪਾਉਣਾ ਸੀ ਜਿਹੜਾ ਉਨ੍ਹਾਂ ਨੇ ਪਾਇਆ ਹੋਇਆ ਸੀ। ਯਿਸੂ ਨੇ ਉਨ੍ਹਾਂ ਨੂੰ ਸਿਰਫ਼ ਇੱਕੋ ਲਾਠੀ ਲੈਣ ਲਈ ਵੀ ਕਿਹਾ (ਮਰਕੁਸ 6:8)। ਲਾਠੀ ਦੀ ਵਰਤੋਂ ਚੱਲਣ ਦੇ ਨਾਲ ਨਾਲ ਸੁਰੱਖਿਆ ਲਈ ਵੀ ਕੀਤੀ ਜਾਂਦੀ ਸੀ ਭਾਵ ਯਿਸੂ ਉਨ੍ਹਾਂ ਨੂੰ ਬਿਨਾਂ ਬਚਾਅ ਦੇ ਨਹੀਂ ਭੇਜ ਰਿਹਾ ਸੀ। ਜੁਤੀ ਅਤੇ ਲਾਠੀ ਸਫ਼ਰ ਲਈ ਬੁਨਿਆਦੀ ਜ਼ਰੂਰਤਾਂ ਹੁੰਦੀਆਂ ਸਨ (ਕੂਚ 12:11)।

ਯਿਸੂ ਵੈਰਾਗੀ ਜੀਵਨ-ਸ਼ੈਲੀ ਨੂੰ ਵਧਾਵਾ ਨਹੀਂ ਦੇ ਰਿਹਾ ਸੀ ਬਲਕਿ ਉਹ ਆਪਣੇ ਚੇਲਿਆਂ ਨੂੰ ਖ਼ੁਦਾ ਤੇ ਨਿਰਭਰ ਰਹਿਣਾ ਸਿਖਾ ਰਿਹਾ ਸੀ।[22] ਬਾਅਦ ਵਿਚ ਗ੍ਰੇਟ ਕਮੀਸ਼ਨ ਦੀ ਤਿਆਰੀ ਕਰਦਿਆਂ ਪ੍ਰਭੂ ਵੱਲੋਂ ਇਨ੍ਹਾਂ ਪਾਬੰਦੀਆਂ ਨੂੰ ਖਾਰਿਜ ਕਰ ਦਿੱਤਾ ਗਿਆ (ਲੂਕਾ 22:35, 36)।

ਇਹ ਹਦਾਇਤਾਂ ਦੇਣ ਦੇ ਬਾਅਦ ਯਿਸੂ ਨੇ ਸਮਝਾਇਆ, **''ਕਿਉਂ ਜੋ ਕਾਮਾ ਆਪਣੇ ਭੋਜਨ ਦਾ ਹੱਕਦਾਰ ਹੈ।''** ''ਭੋਜਨ'' (ASV; NKJV; NRSV) (*trophe*) ਲਈ ''ਸਪੋਰਟ'' (NASB) ਸ਼ਬਦ ਵੀ ਹੋ ਸਕਦਾ ਹੈ। ਇਹ ਕਹਾਵਤ ਲੂਕਾ ਵਿਚ ਮਿਲਦੀ ਹੈ ਜਿੱਥੇ ਯਿਸੂ ਨੇ ਸੱਤਰਾਂ ਨੂੰ ਭੇਜਿਆ ਸੀ (ਲੂਕਾ 10:7)। ਪਰ ਉੱਥੇ ''ਮਜ਼ਦੂਰੀ'' (*misthos*) ਸ਼ਬਦ ਦੀ ਵਰਤੋਂ ਹੋਈ ਹੈ।

ਰਸੂਲਾਂ ਨੇ ਭਾਵੇਂ ਆਪਣੀਆਂ ਸੇਵਾਵਾਂ ਵੇਚਣੀਆਂ ਨਹੀਂ ਸਨ ਪਰ ਉਨ੍ਹਾਂ ਦੀ ਸਪੋਰਟ ਉਨ੍ਹਾਂ ਲੋਕਾਂ ਰਾਹੀਂ ਕੀਤੀ ਜਾਣੀ ਸੀ ਜਿਨ੍ਹਾਂ ਦੀ ਉਨ੍ਹਾਂ ਨੇ ਸੇਵਾ ਕਰਨੀ ਸੀ। ਉਨ੍ਹਾਂ ਨੇ ਆਪਣੀ ਰੋਜ਼ੀ ਲਈ ਖ਼ੁਦਾ ਅਤੇ

ਉਸਦੇ ਲੋਕਾਂ ਤੇ ਨਿਰਭਰ ਹੋਣਾ ਸੀ। ਇਹ ਲੋੜ ਸ਼ਰਤ ਅੱਜ ਵੀ ਲਾਗੂ ਹੈ, ਕਿਉਂਕਿ ਪੌਲੁਸ ਨੇ ਪ੍ਰਭੂ ਦੀ ਕਲੀਸੀਆ ਦੀਆ ਮੰਡਲੀਆਂ ਨੂੰ ਇਹੀ ਹੁਕਮ ਦਿੱਤਾ (1 ਕੁਰਿੰਥੀਆਂ 9:8–14; ਗਲਾਤੀਆਂ 6:6)। ਪਹਿਲੀ ਸਦੀ ਵਿਚ ਇੰਜੀਲ ਸੁਣਾਉਣ ਵਲਿਆਂ ਨੂੰ ਹੀ ਨਹੀਂ ਬਲਕਿ ''ਪੂਰਾ ਸਮਾਂ'' ਸੇਵਾ ਕਰਨ ਵਾਲੇ ਐਲਡਰ ਵੀ ''ਦੂਣੇ ਆਦਰ ਦੇ ਯੋਗ'' ਸਮਝੇ ਜਾਂਦੇ ਸਨ ਕਿਉਂਕਿ ਉਹ ''ਆਪਣੀ ਮਜ਼ਦੂਰੀ ਦੇ ਹੱਕਦਾਰ'' ਸਨ (1 ਤਿਮੋਥਿਉਸ 5:17, 18)।

**ਆਇਤ 11. ਜਿਸ ਨਗਰ ਜਾਂ ਪਿੰਡ** ਦੀ ਗੱਲ ਯਿਸੂ ਦੇ ਸਿਖਾਉਣ ਜਾਂ ਚੰਗਿਆਈ ਦੇਣ ਦੀ ਸੇਵਾ ਨੂੰ ਯਾਦ ਕਰਵਾਉਂਦੀ ਹੈ ਜਿਹੜਾ ''ਸਰਬੱਤ ਨਗਰਾਂ ਅਤੇ ਪਿੰਡਾਂ ਵਿਚ'' ਘੁੰਮਦਾ ਸੀ (9:35)। ਰਸੂਲਾਂ ਨੇ ਪ੍ਰਚਾਰ ਦੇ ਆਪਣੇ ਮਿਸ਼ਨ ਤੇ ਇਨ੍ਹਾਂ ਥਾਵਾਂ ਤੇ ਜਾਣ ਤੇ ਮੰਨੇ ਪਰਮੰਨੇ ਲੋਕਾਂ ਨਾਲ ਰਹਿਣ ਦੀ ਕੋਸ਼ਿਸ਼ ਕਰਨੀ ਸੀ। ਵਿਸ਼ੇਸ਼ਣ ਸ਼ਬਦ **ਲਾਇਕ** (*axios*) ਜੋ ਆਇਤ 10 ਵਿਚ ਵੀ ਮਿਲਦਾ ਹੈ, ਦਾ ਇਸ਼ਾਰਾ ਉਸ ਵੱਲ ਹੈ ਜਿਹੜਾ ਕਾਬਲ ਜਾਂ ਹੱਕਦਾਰ ਹੋਵੇ। ਅਜਿਹੇ ਲੋਕਾਂ ਲਈ ਪ੍ਰਾਹੁਣਚਾਰੀ ਕਰਨ ਵਾਲੇ ਅਤੇ ਰਸੂਲਾਂ ਦੇ ਸੰਦੇਸ਼ ਨੂੰ ਕਬੂਲ ਕਰਨ ਵਾਲੇ ਹੋਣਾ ਜ਼ਰੂਰੀ ਹੈ ਭਾਵ ਉੱਚ ਇਖ਼ਲਾਕ ਅਤੇ ਰੂਹਾਨੀ ਸੁਭਾਅ ਵਾਲੇ। ਬਦਨਾਮ ਲੋਕਾਂ ਨਾਲ ਰਹਿਣ ਨਾਲ ਉਨ੍ਹਾਂ ਦਾ ਮਿਸ਼ਨ ਗੜਬੜਾ ਸਕਦਾ ਸੀ।

ਲਾਇਕ ਬੰਦਾ ਮਿਲ ਜਾਣ ਦੇ ਬਾਅਦ ਉਨ੍ਹਾਂ ਲਈ **ਉੱਥੇ ਹੀ** ਰਹਿਣ ਤਕ **ਉਸੇ ਦੇ ਘਰ** ਰਹਿਣਾ ਜ਼ਰੂਰੀ ਹੁੰਦਾ ਸੀ। ਰਹਿਣ ਲਈ ਬਿਹਤਰ ਥਾਂ ਲੱਭਣ ਨਾਲੋਂ ਭਾਵ ''ਘਰ ਘਰ ਘੁੰਮਣ'' ਨਾਲੋਂ (ਲੂਕਾ 10:7) ਉਨ੍ਹਾਂ ਲਈ ਉਸੇ ਵਿਚ ਸੰਤੁਸ਼ਟ ਹੋਣਾ ਜ਼ਰੂਰੀ ਸੀ। ਇਹ ਮੇਜ਼ਬਾਨ ਦੀ ਇੱਜ਼ਤ ਦੀ ਗੱਲ ਵੀ ਸੀ।

ਸਮੇਂ ਅਤੇ ਸੱਭਿਅਤਾ ਲਈ ਬਿਨਾਂ ਖ਼ਰਚਾ ਲਏ ਪਰਾਹੁਣਚਾਰੀ ਕਰਨਾ ਬੇਤੁਕੀ ਉਮੀਦ ਨਹੀਂ ਹੋਣੀ ਸੀ।[23] ਪੂਰੇ ਨਵੇਂ ਨੇਮ ਵਿਚ ਮਸੀਹੀ ਪ੍ਰਾਹੁਣਚਾਰੀ ਦਾ ਹੁਕਮ ਅਤੇ ਨਮੂਨੇ ਦੋਵੇਂ ਮਿਲਦੇ ਹਨ (ਰੋਮੀਆਂ 12:13; 1 ਤਿਮੋਥਿਉਸ 3:2; ਤੀਤੁਸ 1:8; ਇਬਰਾਨੀਆਂ 13:2; 1 ਪਤਰਸ 4:9; 3 ਯੂਹੰਨਾ 5–8)।[24]

**ਆਇਤਾਂ 12, 13.** ਯਿਸੂ ਨੇ ਰਸੂਲਾਂ ਨੂੰ ਇਹ ਵੀ ਦੱਸਿਆ ਕਿ ਜਦ ਉਹ ਕਿਸੇ *ਘਰ* ਵਿਚ ਵੜਨ ਤਾਂ ਉਨ੍ਹਾਂ ਲਈ ਕੀ ਕਹਿਣਾ ਜ਼ਰੂਰੀ ਹੈ। ਇਸ ਮਾਮਲੇ ਵਿਚ ਉਪ ਪਦ ਮਹੱਤਵਪੂਰਣ ਹੈ। ਉਨ੍ਹਾਂ ਲਈ *''ਉੱਥੇ ਹੀ''* ਨੂੰ ਜਿਸਦਾ ਹੁਣੇ ਜ਼ਿਕਰ ਕੀਤਾ ਗਿਆ ਹੈ, **ਸ਼ਾਂਤੀ** ਦੇਣੀ ਜ਼ਰੂਰੀ ਸੀ। ਰਵਾਇਤੀ ਯਹੂਦੀ ਸਲਾਮ *ਸ਼ਾਲੋਮ* ਜਾਂ ''ਤੈਨੂੰ [ਤੁਹਾਡੀ ਸਲਾਮਤੀ] ਸੁੱਖ ਸਾਂਦ ਹੋਵੇ'' ਸੀ (ਵੇਖੋ ਨਿਆਈਆਂ 19:20; 1 ਸਮੂਏਲ 25:6; ਜ਼ਬੂਰ 122:7, 8; ਯੂਹੰਨਾ 20:19, 21, 26)। ਇਸ ਮਜ਼ਬੂਤ ਸ਼ਬਦ ਵਿਚ ''ਸ਼ਾਂਤੀ,'' ''ਸਲਾਮਤੀ,'' ''ਸਿਹਤ,'' ਅਤੇ ''ਖੁਸ਼ਹਾਲੀ'' ਦਾ ਸੰਕੇਤ ਸੀ। JNT ਵਿਚ ਇਨ੍ਹਾਂ ਆਇਤਾਂ ਦਾ ਅਨੁਵਾਦ ਇਸ ਤਰ੍ਹਾਂ ਹੈ: ''ਜਦ ਤੁਸੀਂ ਕਿਸੇ ਦੇ ਘਰ ਵਿਚ ਵੜੋ ਤਾਂ ਕਹੋ '*ਸ਼ਾਲੋਮ ਅਲੇਖਮ* [ਤੁਹਾਡੀ ਸਲਾਮਤੀ ਹੋਵੇ]!' ਜੇ ਉਹ ਘਰ ਇਸਦੇ ਲਾਇਕ ਹੋਵੇ ਤਾਂ ਤੁਹਾਡਾ *ਸ਼ਾਲੋਮ* ਇਸ ਉੱਤੇ ਹੁੰਦਾ ਹੈ ਪਰ ਜੇ ਨਹੀਂ ਤਾਂ ਤੁਹਾਡਾ *ਸ਼ਾਲੋਮ* ਤੁਹਾਡੇ ਕੋਲ ਵਾਪਸ ਆ ਜਾਵੇ।'' ਯਿਸੂ ਨੇ ਦੋ ਵੱਖ ਵੱਖ ਹਾਲਾਤ ਦੀ ਕਲਪਨਾ ਕੀਤੀ ਸੀ, ਇਕ ਤਾਂ ਇਹ ਜਿਸ ਵਿਚ ਰਸੂਲਾਂ ਨੇ ਉਸ **ਘਰ** ਦਾ ਨਿਆਂ ਬਿਲਕੁਲ ਉਸ ਦੇ **ਲਾਇਕ** ਕਰਨਾ ਸੀ ਅਤੇ ਦੂਜਾ ਜਿਸ ਵਿਚ ਉਨ੍ਹਾਂ ਨੇ ਘਰ ਦਾ ਉਲਟ ਨਿਆਂ (ਲਾਇਕ ਨਾ ਹੋਵੇ) ਕਰਨਾ ਸੀ। ਪਹਿਲੇ ਦ੍ਰਿਸ਼ ਵਿਚ ਉਨ੍ਹਾਂ ਦੀ **ਸਲਾਮਤੀ ਦੀ ਬਰਕਤ** ਬਣੀ ਰਹਿਣੀ ਸੀ। ਦੂਜੇ ਵਿਚ ਉਨ੍ਹਾਂ ਨੇ [ਇਸ ਨੂੰ] **ਵਾਪਸ ਲੈ** ਲੈਣਾ ਸੀ।

**ਆਇਤ 14.** ਜਦ ਵੀ ਰਸੂਲਾਂ ਨੂੰ ਕਿਸੇ **ਘਰ** ਜਾਂ **ਨਗਰ** ਵਿਚ ਠੁਕਰਾਇਆ ਜਾਂਦਾ ਉਨ੍ਹਾਂ ਨੇ **ਆਪਣੇ ਪੈਰਾਂ ਦੀ ਧੂੜ ਝਾੜ** ਦੇਣੀ ਸੀ। ਡੇਵਿਡ ਹਿੱਲ ਨੇ ਲਿਖਿਆ ਹੈ ਕਿ ''ਘਰ ਜਾਂ ਨਗਰ ਨਾਲ ਸਬੰਧ ਦਾ ਕੋਈ ਨਿਸ਼ਾਨ ਨਾ ਰਹੇ।''[25] ਇਹ ਕੰਮ ਆਪਣੇ ਆਪ ਵਿਚ ਇਹ ਕਹਿਣ ਦਾ ਤਰੀਕਾ ਸੀ ਕਿ ਕੋਈ ਉਸ ਜ਼ਮੀਨ ਤੇ ਖੜਾ ਹੈ ਜਿਸ ਨੂੰ ''ਕਾਫ਼ਰ'' ਮੰਨਿਆ ਜਾਂਦਾ ਜ਼ਰੂਰੀ ਹੈ।[26] ਯਹੂਦੀ ਲੋਕ ਇਸ ਡਰ ਤੋਂ ਕਿ ਉਹ ਇਸ ਨੂੰ ਅਸ਼ੁੱਧ ਘੱਟੇ ਨਾਲ ਦੂਸ਼ਿਤ ਨਾ ਕਰ ਦੇਣ, ਗੈਰਕੌਮਾਂ ਦੇ ਇਲਾਕੇ ਵਿੱਚੋਂ

ਦੀ ਲੰਘਣ ਤੇ ਆਪਣੇ ਪੈਰਾਂ ਦੀ ਧੂੜ ਰਸਮੀ ਤੌਰ ਤੇ ਝਾੜ ਦਿੰਦੇ ਸਨ ਅਤੇ ਫਿਰ ਆਪਣੇ ਦੇਸ਼ ਮੁੜਦੇ ਸਨ (ਵੇਖੋ ਆਮੋਸ 7:17)।[27] ਪੌਲੁਸ ਅਤੇ ਬਰਨਾਬਾਸ ਪਿਸੀਦਿਆ ਦੇ ਅੰਤਾਕਿਆ ਵਿਚ ਯਹੂਦੀਆਂ ਵੱਲੋਂ ਠੁਕਰਾਏ ਜਾਣ ਤੇ ਆਪਣੇ ਪੈਰਾਂ ਦੀ ਧੂੜ ਝਾੜ ਦਿੱਤੀ ਸੀ (ਰਸੂਲਾਂ ਦੇ ਕੰਮ 13:50, 51)। ਪੌਲੁਸ ਨੇ ਕੁਰਿੰਥੁਸ ਦੇ ਯਹੂਦੀਆਂ ਦੇ ਖ਼ਿਲਾਫ਼ ਜਿਨ੍ਹਾਂ ਨੇ ''ਸਾਹਮਣਾ ਕਰਕੇ ਕੁਫ਼ਰ ਬਕਿਆ'' ਸੀ ਆਪਣੇ ਕੱਪੜੇ ਝਾੜਦਿਆਂ ਆਖਿਆ ਸੀ, ''ਤੁਹਾਡਾ ਖ਼ੂਨ ਤੁਹਾਡੇ ਸਿਰ! ਮੈਂ ਬੇਦੋਸ਼ ਹਾਂ! ਇਦੋਂ ਅੱਗੇ ਮੈਂ ਪਰਾਈਆਂ ਕੌਮਾਂ ਵੱਲ ਜਾਵਾਂਗਾ'' (ਰਸੂਲਾਂ ਦੇ ਕੰਮ 18:6)। ਇਸ ਮਾਮਲੇ ਵਿਚ ਰਸੂਲਾਂ ਦਾ ਸੰਕੇਤਕ ਕੰਮ ''ਉਨ੍ਹਾਂ ਉੱਤੇ ਸਾਖੀ'' (ਮਰਕੁਸ 6:11) ਲਈ ਵੀ ਹੋਣਾ ਸੀ।

**ਆਇਤ 15.** ਯਿਸੂ ਨੇ ਕਿਹਾ ਕਿ **ਨਿਆਉਂ ਦੇ ਦਿਨ ਉਸ ਨਗਰ ਨਾਲੋਂ ਸਦੂਮ ਅਤੇ ਅਮੂਰਾਹ ਦੇ ਦੇਸ ਦਾ ਹਾਲ ਝੱਲਣ ਜੋਗ ਹੋਵੇਗਾ,** ਭਾਵ ਕਿਸੇ ਵੀ ਨਗਰ ਦਾ ਜਿਸ ਨੇ ਉਸ ਦੇ ਰਸੂਲਾਂ ਨੂੰ ਠੁਕਰਾਇਆ (11:20–24 ਤੇ ਟਿੱਪਣੀਆਂ ਵੇਖੋ) ਨਾਲੋਂ ਝੱਲਣ ਯੋਗ ਉਹ ਵਾਕ ਅੰਸ਼ ਹੈ ਜਿਸ ਦੀ ਵਰਤੋਂ ਯਿਸੂ ਨੇ ਉਸ ਖ਼ਤਰਨਾਕ ਸਜ਼ਾ ਨੂੰ ਵਿਖਾਉਣ ਲਈ ਕੀਤੀ ਜਿਹੜੀ ਉਨ੍ਹਾਂ ਨਗਰਾਂ ਉੱਤੇ ਪਵੇਗੀ ਸੀ ਜਿਹੜੇ ਉਸ ਨੂੰ ਠੁਕਰਾਉਂਦੇ ਹਨ।[28] ਸਦੂਮ ਅਤੇ ਅਮੂਰਾਹ ਖ਼ੁਦਾ ਵੱਲੋਂ ਨਸ਼ਟ ਕੀਤੇ ਗਏ ''ਬੁਰਿਆਈ ਦੇ ਆਦਰਸ਼ ਨਗਰ'' ਸਨ।[29]

ਯਿਸੂ ਦੀ ਗੱਲ ਦਾ ਮੁੱਖ ਭਾਵ ਇਹ ਹੈ ਕਿ ਮੌਕਾ ਮਿਲਣਾ ਜ਼ਿੰਮੇਵਾਰੀ ਹੀ ਹੁੰਦਾ ਹੈ (ਵੇਖੋ ਲੂਕਾ 12:48)। ਯਿਸੂ ਦੇ ਵਕਤ ਦੇ ਨਗਰਾਂ ਨੂੰ ਸਦੂਮ ਅਤੇ ਅਮੂਰਾਹ ਦੇ ਨਗਰਾਂ ਨਾਲੋਂ ਵੱਧ ਵਿਸ਼ਵਾਸ ਕਰਨ ਅਤੇ ਤੌਬਾ ਕਰਨ ਦਾ ਮੌਕਾ ਮਿਲਿਆ ਸੀ; ਇਸ ਕਰਕੇ ਉਨ੍ਹਾਂ ਲਈ ਨਿਆਂ ਹੋਰ ਵੀ ਸਖ਼ਤ ਹੋਣਾ ਸੀ। ਦੂਜਿਆਂ ਨਾਲੋਂ ਕੁਝ ਲੋਕਾਂ ਲਈ ਖ਼ੁਦਾ ਦਾ ਨਿਆਂ ਝੱਲਣ ਯੋਗ ਕਿਵੇਂ ਹੋ ਸਕਦਾ ਹੈ? ਉਸ ਇੰਜੀਲ ਨੂੰ ਜਿਸ ਦਾ ਪ੍ਰਚਾਰ ਯਿਸੂ ਨੇ ਕੀਤਾ, ਨਕਾਰਨ ਵਾਲਿਆਂ ਕੋਲ ਪੁਰਾਣੇ ਨੇਮ ਦੇ ਦੁਸ਼ਟ ਤੋਂ ਦੁਸ਼ਟ ਨਗਰਾਂ ਨਾਲੋਂ ਬਹੁਤਾ ਮੌਕਾ ਸੀ। ਸਦੂਮ ਅਤੇ ਅਮੂਰਾਹ ਨੂੰ ਉਨ੍ਹਾਂ ਨਗਰਾਂ ਅਤੇ ਪਿੰਡਾਂ ਨਾਲੋਂ ਘੱਟ ਦੁਸ਼ਟ ਮੰਨਿਆ ਗਿਆ ਜਿਨ੍ਹਾਂ ਵਿਚ ਰਸੂਲਾਂ ਨੇ ਪ੍ਰਚਾਰ ਕੀਤਾ ਸੀ? ਉਨ੍ਹਾਂ ਨੂੰ ਘੱਟ ਦੁਸ਼ਟ ਕਿਉਂ ਮੰਨਿਆ ਗਿਆ ਇਸਦਾ ਕਾਰਣ ਉਨ੍ਹਾਂ ਦੀ ਗਿਆਨਤਾ ਰਿਹਾ ਹੋਵੇਗਾ। ਯਿਸੂ ਦੇ ਸਮੇਂ ਨਗਰਾਂ ਨੇ ਯਿਸੂ ਦੀ ਸੇਵਕਾਈ ਦੀ ਵੱਡੀ ਰੌਸ਼ਨੀ ਦੇ ਸਾਹਮਣੇ ਪਾਪ ਕੀਤਾ।[30]

## ਬਾਰ੍ਹਾਂ ਨੂੰ ਚਿਤਾਵਨੀ (10:16-23)

**[16] ''ਵੇਖੋ ਮੈਂ ਤੁਹਾਨੂੰ ਭੇਡਾਂ ਵਾਂਙੁ ਬਘਿਆੜਾਂ ਵਿਚ ਭੇਜਦਾ ਹਾਂ ਸੋ ਤੁਸੀਂ ਸੱਪਾਂ ਵਰਗੇ ਹੁਸ਼ਿਆਰ ਅਤੇ ਕਬੂਤਰਾਂ ਵਰਗੇ ਭੋਲੇ ਹੋਵੋ। [17]ਪਰ ਮਨੁੱਖਾਂ ਤੋਂ ਚੌਕਸ ਰਹੋ ਕਿਉਂ ਜੋ ਉਹ ਤੁਹਾਨੂੰ ਮਜਲਿਸਾਂ ਦੇ ਹਵਾਲੇ ਕਰਨਗੇ ਅਤੇ ਆਪਣੀਆਂ ਸਮਾਜਾਂ ਵਿਚ ਤੁਹਾਨੂੰ ਕੋਰੜੇ ਮਾਰਨਗੇ। [18]ਅਤੇ ਤੁਸੀਂ ਮੇਰੇ ਕਾਰਣ ਹਾਕਮਾਂ ਅਤੇ ਰਾਜਿਆਂ ਦੇ ਅੱਗੇ ਹਾਜ਼ਰ ਕੀਤੇ ਜਾਓਗੇ ਜੋ ਉਨ੍ਹਾਂ ਉੱਤੇ ਅਰ ਪਰਾਈਆਂ ਕੌਮਾਂ ਉੱਤੇ ਸਾਖੀ ਹੋਵੇ। [19]ਪਰ ਜਦ ਉਹ ਤੁਹਾਨੂੰ ਫੜਵਾਉਣ ਤਾਂ ਚਿੰਤਾ ਨਾ ਕਰੋ ਜੋ ਅਸੀਂ ਕਿੱਕੁਰ ਯਾ ਕੀ ਬੋਲੀਏ, ਕਿਉਂ ਜੋ ਜਿਹੜੀ ਗੱਲ ਤੁਸਾਂ ਬੋਲਣੀ ਹੈ ਉਹ ਤੁਹਾਨੂੰ ਉਸੇ ਘੜੀ ਬਖ਼ਸ਼ੀ ਜਾਵੇਗੀ। [20]ਬੋਲਣ ਵਾਲੇ ਤੁਸੀਂ ਤਾਂ ਨਹੀਂ ਪਰ ਤੁਹਾਡੇ ਪਿਤਾ ਦਾ ਆਤਮਾ ਜਿਹੜਾ ਤੁਹਾਡੇ ਵਿਚ ਬੋਲਦਾ ਹੈ।**

**[21]ਅਰ ਭਾਈ ਭਾਈ ਨੂੰ ਅਤੇ ਪਿਉ ਪੁੱਤਰ ਨੂੰ ਮੌਤ ਲਈ ਫੜਵਾਏਗਾ ਅਤੇ ਬਾਲਕ ਆਪਣੇ ਮਾਪਿਆਂ ਦੇ ਵਿਰੁੱਧ ਉੱਠ ਖੜੇ ਹੋਣਗੇ ਅਤੇ ਉਨ੍ਹਾਂ ਨੂੰ ਮਰਵਾ ਸੁੱਟਣਗੇ। [22]ਅਤੇ ਮੇਰੇ ਨਾਮ ਕਰਕੇ ਸਭ ਲੋਕ ਤੁਹਾਡੇ ਨਾਲ ਵੈਰ ਰੱਖਣਗੇ ਪਰ ਜਿਹੜਾ ਅੰਤ ਤੋੜੀ ਸਹੇਗਾ ਸੋਈ ਬਚਾਇਆ ਜਾਵੇਗਾ।**

**[23]ਪਰ ਜਦ ਲੋਕ ਤੁਹਾਨੂੰ ਇਕ ਨਗਰ ਵਿਚ ਸਤਾਉਣ ਤਦ ਦੂਏ ਨੂੰ ਭੱਜ ਜਾਓ ਕਿਉਂ ਜੋ ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਤੁਸੀਂ ਇਸਰਾਏਲ ਦਿਆਂ ਸਾਰਿਆਂ ਨਗਰਾਂ ਵਿਚ ਨਾ ਫਿਰ ਲਵੋਗੇ ਕਿ**

**ਮਨੁੱਖ ਦਾ ਪੁੱਤਰ ਆ ਜਾਵੇ।''**

ਯਿਸੂ ਦੀ ਸੇਵਕਾਈ ਦੇ ਸ਼ੁਰੂ ਤੋਂ ਹੀ ਲੋਕ ਉਸਦਾ ਵਿਰੋਧ ਕਰਦੇ ਸਨ। ਆਪਣੇ ਰਸੂਲਾਂ ਨੂੰ ਹੁਕਮ ਦਿੰਦਿਆਂ ਉਸਨੇ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਕਿ ਉਨ੍ਹਾਂ ਨੂੰ ਵੀ ਅਜਿਹੀ ਹੀ ਦੁਸ਼ਮਣੀ ਝੱਲਣੀ ਪਵੇਗੀ। ਆਇਤਾਂ 16 ਤੋਂ 23 ਉਸ ਸਤਾਅ ਦਾ ਜ਼ਿਕਰ ਕਰਦਿਆਂ ਹਨ ਜਿਸ ਨੂੰ ਉਨ੍ਹਾਂ ਨੇ ਝੱਲਣਾ ਸੀ, ਉਸ ਅਗਵਾਈ ਦਾ ਜਿਹੜੀ ਉਨ੍ਹਾਂ ਨੂੰ ਦਿੱਤੀ ਜਾਣੀ ਸੀ ਅਤੇ ਉਨ੍ਹਾਂ ਹਾਲਾਤ ਜਿਨ੍ਹਾਂ ਨਾਲ ਉਨ੍ਹਾਂ ਨੂੰ ਵਿਰੋਧ ਕਰਨ ਵਾਲੇ ਨਗਰ ਵਿਚ ਰਹਿਣ ਦੀ ਥਾਂ ਉੱਥੋਂ ਨੱਸ ਜਾਣਾ ਚਾਹੀਦਾ ਸੀ।

**ਆਇਤ 16.** ਯਿਸੂ ਨੇ ਆਖਿਆ, **''ਵੇਖੋ ਮੈਂ ਤੁਹਾਨੂੰ ਭੇਡਾਂ ਵਾਂਙੂ ਬਘਿਆੜਾਂ ਵਿਚ ਭੇਜਦਾ ਹਾਂ।''** ''ਭੇਡਾਂ'' ਜਾਨਵਰਾਂ ਵਿੱਚੋਂ ਸਭ ਤੋਂ ਵੱਧ ਮੁਥਾਜ ਹਨ। ਕੋਈ ਸੁਭਾਵਕ ਬਚਾਅ ਨਾ ਹੋਣ ਕਰਕੇ ਉਹ ਲਾਚਾਰ ਹੁੰਦੀ ਹਨ ਅਤੇ ਅਸਾਨੀ ਨਾਲ ਸਹਿਮ ਜਾਂਦੀਆਂ ਹਨ। ''ਬਘਿਆੜ'' ਫ਼ਲਿਸਤੀਨ ਵਿਚ ਉਨ੍ਹਾਂ ਦੇ ਸਭ ਤੋਂ ਵੱਡੇ ਦੁਸ਼ਮਣ ਸਨ। ਯਿਸੂ ਇੱਥੇ ਜਾਨਵਰਾਂ ਦੀ ਗੱਲ ਨਹੀਂ ਕਰ ਰਿਹਾ ਸੀ ਬਲਕਿ ਉਹ ਸਿਰਫ਼ ਉਨ੍ਹਾਂ ਦੀ ਵਰਤੋਂ ਉਦਾਹਰਣ ਦੇ ਰੂਪ ਵਿਚ ਕਰ ਰਿਹਾ ਸੀ ਕਿ ਲੋਕ ਕਈ ਵਾਰ ਕਿਵੇਂ ਸਲੂਕ ਕਰਦੇ ਹਨ। ਉਸ ਦੇ ਰਸੂਲ ਭੇਡਾਂ ਸਨ ਅਤੇ ਉਨ੍ਹਾਂ ਦੇ ਦੁਸ਼ਮਣ ਬਘਿਆੜ। ਵਿਲਕਿੰਸ ਨੇ ਧਿਆਨ ਦੁਆਇਆ ਹੈ, ''ਯਿਸੂ ਰੂਪਕ ਨੂੰ ਉਲਟਾ ਕਰ ਦਿੰਦਾ ਹੈ। ਇਸ ਤੋਂ ਪਹਿਲਾਂ ਚੇਲਿਆਂ ਨੇ ਭੇਡਾਂ ਕੋਲ ਜਾਣਾ ਸੀ'' (9:36; 10:6), ਪਰ ਹੁਣ ਉਨ੍ਹਾਂ ਨੇ ਵੀ ਬਘਿਆੜਾਂ ਵਿਚ ਜਾਣ ਵਾਲੀਆਂ ਭੇਡਾਂ ਹੋਣਾ ਸੀ।''[31] ਬਾਰ੍ਹਾਂ ਨੂੰ ਖੂੰਖਾਰ ਜਾਨਵਰਾਂ ਦੀ ਦੁਨੀਆਂ ਵਿਚ ਭੇਜਿਆ ਜਾ ਰਿਹਾ ਸੀ (ਵੇਖੋ 7:15; ਯੂਹੰਨਾ 10:10, 12; ਰਸੂਲਾਂ ਦੇ ਕੰਮ 20:29)। ਮਸੀਹ ਦੇ ਹਰ ਦੁਸ਼ਮਣ ਵੱਲੋਂ ਉਨ੍ਹਾਂ ਨੂੰ ਸ਼ਿਕਾਰ ਦੇ ਰੂਪ ਵਿਚ ਲੱਭਿਆ ਜਾਣਾ ਸੀ।

ਇਵੇਂ ਹੀ ਹੋਣਾ ਸੀ, ਜਿਸ ਕਰਕੇ ਯਿਸੂ ਨੇ ਉਨ੍ਹਾਂ ਨੂੰ ਤਾੜਨਾ ਕੀਤੀ, **''ਤੁਸੀਂ ਸੱਪਾਂ ਵਰਗੇ ਹੁਸ਼ਿਆਰ** *[ਸਮਝਦਾਰ; CEV]* **ਅਤੇ ਕਬੂਤਰਾਂ ਵਰਗੇ ਭੋਲੇ ਹੋਵੋ।''** ਇਹ ਭਾਸ਼ਾ ਸ਼ਾਇਦ ਮੁਹਾਵਰੇ ਦੀ ਹੈ। ਰੱਬੀਆਂ ਦੇ ਸਾਹਿਤ ਵਿਚ ਅਜਿਹੀ ਹੀ ਕਹਾਵਤ ਖ਼ੁਦਾ ਲਈ ਵਰਤੀ ਜਾਂਦੀ ਹੈ। ਇਸਰਾਏਲੀਆਂ ਦੀ ਗੱਲ ਕਰਦਿਆਂ ਉਸਨੇ ਆਖਿਆ, ''ਮੇਰੇ ਨਾਲ ਉਹ ਕਬੂਤਰਾਂ ਵਰਗੇ ਭੋਲੇ ਹਨ, ਪਰ ਕੌਮਾਂ ਨਾਲ ਉਹ ਸੱਪਾਂ ਵਰਗੇ ਸ਼ਾਤਿਰ ਹਨ।''[32] ਕਬੂਤਰ ਨੂੰ ਸ਼ਾਇਦ ਨੂਹ ਦੇ ਸਮੇਂ ਤੋਂ ਹੀ ਸ਼ਾਂਤੀ, ਭੋਲੇਪਣ ਅਤੇ ਸ਼ੁੱਧਤਾ ਦੇ ਪ੍ਰਤੀਕ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਉਹ ਬਹੁਤ ਅਸੁਰੱਖਿਅਤ ਪ੍ਰਾਣੀ ਹੈ ਅਤੇ ਸ਼ਿਕਾਰੀ ਜਾਨਵਰਾਂ ਲਈ ਅਸਾਨ ਸ਼ਿਕਾਰ ਵੀ। ''ਸੱਪ'' ਆਰੰਭ ਤੋਂ ਹੀ ਆਪਣੀ ਚਤੁਰਾਈ ਅਤੇ ਸਿਆਣਪ ਲਈ ਮਸ਼ਹੂਰ ਹਨ (ਵੇਖੋ ਉਤਪਤ 3:1); ਉਨ੍ਹਾਂ ਵਿੱਚੋਂ ਜ਼ਿਆਦਾਤਰ ਜ਼ਹਿਰੀਲੇ ਅਤੇ ਬੇਹੱਦ ਖ਼ਤਰਨਾਕ ਹੁੰਦੇ ਹਨ। ''ਯਿਸੂ ਦੇ ਚੇਲਿਆਂ ਨੂੰ ਸੱਪਾਂ ਲਈ ਮੰਨੀ ਜਾਣ ਵਾਲੀ ਸਾਰੀ ਸਮਝ ਦੀ ਲੋੜ ਸੀ, ਪਰ ਉਨ੍ਹਾਂ ਨੂੰ ਕਬੂਤਰਾਂ ਲਈ ਮੰਨੀ ਜਾਣ ਵਾਲੀ ਨੁਕਸਾਨਰਹਿਤ ਹੋਣ ਅਤੇ ਭੋਲੇਪਣ ਨਾਲ ਧੋਖੇਬਾਜ਼ ਚਲਾਕੀਆਂ ਅਤੇ ਫ਼ਰੇਬ ਦੀ ਥਾਂ ਕਬੂਤਰਾਂ ਲਈ ਮੰਨੇ ਜਾਣ ਵਾਲੇ ਨੁਕਸਾਨਰਹਿਤ ਅਤੇ ਭੋਲੇਪਣ ਦੀ ਖ਼ੂਬੀ ਨੇ ਲੈ ਲੈਣੀ ਸੀ।''[33]

ਰਸੂਲਾਂ ਨੇ ਲੜਾਈ ਪਸੰਦ ਤਾਂ ਨਹੀਂ ਹੋਣਾ ਸੀ ਪਰ ਉਨ੍ਹਾਂ ਨੂੰ ਦੂਜੇ ਲੋਕਾਂ ਨਾਲ ਆਪਣੇ ਵਿਹਾਰਾਂ ਸਮਝ ਦੀ ਵਰਤੋਂ ਕਰਨੀ ਜ਼ਰੂਰੀ ਸੀ। ਉਨ੍ਹਾਂ ਨੂੰ ਉਸ ਵਿਰੋਧ ਤੋਂ ਜਾਣੂ ਹੋਣਾ ਜ਼ਰੂਰੀ ਸੀ ਜਿਸਦਾ ਆਉਣਾ ਪੱਕਾ ਸੀ ਅਤੇ ਉਨ੍ਹਾਂ ਨੂੰ ਇਸ ਦਾ ਸਾਹਮਣਾ ਉਸਾਰੂ ਢੰਗ ਨਾਲ ਕਰਨ ਲਈ ਤਿਆਰ ਹੋਣਾ ਜ਼ਰੂਰੀ ਸੀ। ਖ਼ੁਦਾ ਦਾ ਰਾਜ ਜਿਸਮਾਨੀ ਲੜਾਈ ਵਾਂਗ ਕਿਸੇ ਤਲਵਾਰ ਨਾਲ ਨਹੀਂ ਬਲਕਿ ''ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ'' ਨਾਲ ਫੈਲਾਇਆ ਜਾਣਾ ਸੀ (ਅਫ਼ਸੀਆਂ 6:17; ਵੇਖੋ ਮੱਤੀ 26:51–54; ਯੂਹੰਨਾ 18:36; ਇਬਰਾਨੀਆਂ 4:12)।

ਵੱਖੋ ਵੱਖ ਫ਼ਿਰਕਿਆਂ ਨੇ ਰਸੂਲਾਂ ਦੇ ਦੁਸ਼ਮਣ ਬਣ ਜਾਣਾ ਸੀ। ਧਾਰਮਿਕ ਵਿਵਸਥਾ (10:17),

ਸਰਕਾਰੀ ਅਧਿਕਾਰੀਆਂ (10:18), ਅਤੇ ਪਰਿਵਾਰ ਦੇ ਲੋਕਾਂ (10:21) ਦੀਆਂ ਤਿੰਨ ਵੱਖੋ ਵੱਖ ਥਾਂਵਾਂ ਤੋਂ ਹੋਣਾ ਸੀ।

**ਆਇਤ 17.** ਪਹਿਲਾ ਵਿਰੋਧ ਧਾਰਮਿਕ ਵਿਵਸਥਾ ਤੋਂ ਹੋਣਾ ਸੀ। ਯਿਸੂ ਨੇ ਚਿਤਾਵਨੀ ਦਿੱਤੀ, **''ਮਨੁੱਖਾਂ ਤੋਂ ਚੌਕਸ ਰਹੋ ਕਿਉਂ ਜੋ ਉਹ ਤੁਹਾਨੂੰ ਮਜਲਿਸਾਂ ਦੇ ਹਵਾਲੇ ਕਰਨਗੇ ਅਤੇ ਆਪਣੀਆਂ ਸਮਾਜਾਂ ਵਿਚ ਤੁਹਾਨੂੰ ਕੋਰੜੇ ਮਾਰਨਗੇ।''** ਮੱਤੀ ਵੱਲੋਂ ਵਰਤਿਆ ਗਿਆ ''ਮਜਲਿਸਾਂ'' ਸ਼ਬਦ ਸਿਰਫ਼ ਸਰਕਾਰੀ ਅਦਾਲਤਾਂ ਲਈ ਨਹੀਂ ਸੀ। ਉਸ ਵਕਤ ਉਹ ਬਾਰਾਂ ਸਿਰਫ਼ ਯਹੂਦੀ ਨਗਰਾਂ ਵਿਚ ਜਾ ਰਹੇ ਸਨ। ਇਸਰਾਏਲ ਦੇਸ਼ ਇਕ ਇਲਾਹੀ ਹਕੂਮਤ ਵਾਲਾ ਦੇਸ਼ ਸੀ ਜਿਹਦੀ ਹਕੂਮਤ ਖ਼ੁਦਾ ਦੇ ਹੱਥ ਵਿਚ ਸੀ ਭਾਵ ਉਨ੍ਹਾਂ ਦਾ ਕਾਨੂੰਨ ਉਹ ਸ਼ਰ੍ਹਾ ਸੀ ਜਿਹੜੀ ਉਨ੍ਹਾਂ ਨੂੰ ਮੂਸਾ ਦੇ ਰਾਹੀਂ ਦਿੱਤੀ ਗਈ ਸੀ। ਇਸ ਕਰਕੇ ਧਾਰਮਿਕ ਅਧਿਕਾਰੀਆਂ ਦਾ ਨਿਆਂ ਵੀ ਸਰਕਾਰੀ ਮਾਮਲਿਆਂ ਵਿਚ ਕੀਤਾ ਜਾਂਦਾ ਸੀ। ''ਮਜਲਿਸਾਂ'' (*sunedrion*) ਸ਼ਬਦ ਤਈ ਮੈਂਬਰਾਂ ਵਾਲੀ ਯਹੂਦੀ ਮਹਾਂਸਭਾ (ਸੈਨਹੇਡ੍ਰਿਨ) ਲਈ ਹੈ, ਭਾਵੇਂ ਫ਼ੈਸਲਾ ਕਰਨ ਲਈ ਇਨ੍ਹਾਂ ਵਿੱਚੋਂ ਤਿੰਨਾਂ ਦੀ ਹੀ ਲੋੜ ਹੁੰਦੀ ਸੀ।[34] ਵਿਲਕਿੰਸ ਨੇ ਲਿਖਿਆ ਹੈ:

> ਜੱਜਾਂ ਦੀ ਮਜਲਿਸ ਜਾਂ ਅਦਾਲਤ ਵੱਲੋਂ ਫ਼ੈਸਲਾ ਦਿੱਤੇ ਜਾਣ ਦੇ ਬਾਅਦ ਮੁਜਰਿਮ ਨੂੰ ਜੱਜ ਦੇ ਸਾਹਮਣੇ ਲਿਟਾ ਕੇ ਚਾਬੁਕ ਮਾਰੇ ਜਾਂਦੇ ਸਨ। ਕੋਰੜਿਆਂ ਦੀ ਠਹਿਰਾਈ ਹੋਈ ਗਿਣਤੀ ਚਾਲੀ ਸੀ, ਬੇਸ਼ੱਕ ਇਹ ਗਿਣਤੀ ਜੁਰਮ ਨਾਲ ਢੁਕਵੀਂ ਬਣਾਉਣ ਲਈ ਉੱਪਰ ਹੇਠਾਂ ਹੋ ਸਕਦੀ ਸੀ। ਪਰ ਚਾਲੀ ਤੋਂ ਵੱਧ ਕੋਰੜੇ ਨਹੀਂ ਮਾਰੇ ਜਾ ਸਕਦੇ ਸਨ, ਕਿਉਂ ਜੋ ਚਾਲੀ ਤੋਂ ਵੱਧ ਕੋਰੜੇ ਅਣਮਨੁੱਖੀ ਮੰਨੇ ਜਾਂਦੇ ਸਨ (ਵਿਵਸਥਾਸਾਰ 25:1–3)। ਇਹ ਗਿਣਤੀ ਆਮ ਤੌਰ ਤੇ ਇਕ ਘੱਟ ਚਾਲੀ ਹੁੰਦੀ ਸੀ ਤਾਂ ਜੋ ਕਿਤੇ ਗਲਤੀ ਨਾ ਹੋ ਜਾਵੇ *[*ਮਿਸ਼ਨਾਹ *ਮਕੋਥ* 3.2, 10; ਵੇਖੋ 2 ਕੁਰਿੰਥੀਆਂ 11:24*]*।[35]

''ਸਮਾਜਾਂ'' (ਸਿਨਾਗੋਗਾਂ) ਦੀ ਵਰਤੋਂ ਬੰਦਗੀ ਲਈ ਬਿਲਡਿੰਗਾਂ ਦੇ ਰੂਪ ਵਿਚ ਨਹੀਂ ਕੀਤੀ ਜਾਂਦੀ ਸੀ ਬਲਕਿ ਉਨ੍ਹਾਂ ਦੀ ਵਰਤੋਂ ਉਨ੍ਹਾਂ ਥਾਵਾਂ ਦੇ ਰੂਪ ਵਿਚ ਵੀ ਕੀਤੀ ਜਾਂਦੀ ਸੀ ਜਿੱਥੇ ਨਿਆਂ ਕੀਤਾ ਜਾਂਦਾ ਹੈ (ਵੇਖੋ 23:34)।

**ਆਇਤ 18.** ਦੂਜਾ, ਸਰਕਾਰੀ ਅਧਿਕਾਰੀਆਂ ਵੱਲੋਂ ਵਿਰੋਧ ਹੋਣਾ ਸੀ। ਯਿਸੂ ਨੇ ਆਖਿਆ, **''ਅਤੇ ਤੁਸੀਂ ਮੇਰੇ ਕਾਰਣ ਹਾਕਮਾਂ ਅਤੇ ਰਾਜਿਆਂ ਦੇ ਅੱਗੇ ਹਾਜ਼ਰ ਕੀਤੇ ਜਾਓਗੇ ਜੋ ਉਨ੍ਹਾਂ ਉੱਤੇ ਅਰ ਪਰਾਈਆਂ ਕੌਮਾਂ ਉੱਤੇ ਸਾਖੀ ਹੋਵੇ।''** ਇਹ ਚਿਤਾਵਨੀ ਮੁੱਖ ਤੌਰ ਤੇ ਉਨ੍ਹਾਂ ਘਟਨਾਵਾਂ ਦੀ ਗੱਲ ਕਰਦਿਆਂ ਜਿਹੜੀਆਂ ਗ੍ਰੇਟ ਕਮੀਸ਼ਨ ਦਿੱਤੇ ਜਾਣ ਦੇ ਬਾਅਦ ਮੁੱਢਲੀ ਕਲੀਸੀਆ ਵਿਚ ਹੋਣੀਆਂ ਸਨ, ਲਿਮਿਟਡ ਕਮੀਸ਼ਨ ਤੋਂ ਅੱਗੇ ਵੱਧ ਗਈ (28:18–20)। ਸਿਆਸੀ ਹਾਲਾਤ ਕਰਕੇ ਗੈਰਕੌਮ ਹਾਕਿਮਾਂ ਦਾ ਸਾਹਮਣਾ ਹੋਣਾ ਜ਼ਰੂਰੀ ਸੀ। ਰੋਮ ਨੇ ਯਹੂਦੀਆਂ ਨੂੰ ਭਾਵੇਂ ਆਪਣੇ ਧਰਮ ਦੇ ਕਾਨੂੰਨੀ ਮਾਮਲਿਆਂ ਵਿਚ ਕਾਫ਼ੀ ਰਿਆਇਤ ਦਿੱਤੀ ਸੀ ਪਰ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਸੀ ਖ਼ਾਸ ਕਰ ਮੌਤ ਦੀ ਸਜ਼ਾ ਦੇ ਮਾਮਲਿਆਂ ਵਿਚ (1:19 ਤੇ ਟਿੱਪਣੀਆਂ ਵੇਖੋ; 12:14 )। ਭਾਵੇਂ ਯਹੂਦੀ ਲੋਕ ਆਮ ਤੌਰ ਤੇ ਇਸ ਮਨਾਹੀ ਦਾ ਉਲੰਘਣ ਕਰਦੇ ਸਨ, ਪਰ ਇਹ ਨਿਯਮ ਸੀ ਜਿਹੜਾ ਉਨ੍ਹਾਂ ਉੱਤੇ ਲਾਗੂ ਹੁੰਦਾ ਸੀ।[36] ਰਸੂਲਾਂ ਦੇ ਕੰਮ ਕਿਤਾਬ ਵਿਚ, ਯਹੂਦੀਆਂ ਵੱਲੋਂ ਸਤਾਅ ਕਾਰਣ ਫੇਲਿਕਸ ਅਤੇ ਫੇਸਤੁਸ ਨਾਮ ਰੋਮੀ ''ਹਾਕਮਾਂ'' ਅੱਗੇ ਪੌਲੁਸ ਦੀਆਂ ਪੇਸ਼ੀਆਂ ਹੋਈਆਂ (ਰਸੂਲਾਂ ਦੇ ਕੰਮ 24; 25)। ਉਹ ਅਗ੍ਰਿੱਪਾ ਅੱਗੇ ਪੇਸ਼ ਵੀ ਹੋਇਆ (ਰਸੂਲਾਂ ਦੇ ਕੰਮ 25:23)। ਅਜਿਹੀਆਂ ਪੇਸ਼ੀਆਂ ਨਾਲ ਮੁੱਢਲੇ ਮਸੀਹੀ ਲੋਕਾਂ ਨੂੰ ਮਸੀਹ ਦੀ ਗਵਾਹੀ ਦੇਣ ਦਾ ਵਾਅਦਾ ਮਿਲ ਗਿਆ।

ਮੁੱਢਲੇ ਮਸੀਹੀ ਲੋਕਾਂ ਉੱਤੇ ਯਹੂਦੀਆਂ ਵੱਲੋਂ ਭਾਵੇਂ ਪਹਿਲਾਂ ਜ਼ੁਲਮ ਕੀਤਾ ਗਿਆ ਪਰ ਬਾਅਦ ਵਿਚ ਇਹ ਮੁੱਖ ਤੌਰ ਤੇ ਰੋਮੀ ਕੰਮ ਸਰਕਾਰ ਨੇ ਆਪਣੇ ਹੱਥ ਲੈ ਲਿਆ। 64 ਈਸਵੀ ਵਿਚ ਨੀਰੋ

ਵੱਲੋਂ ਕੀਤੇ ਗਏ ਸਤਾਅ ਦੇ ਸਬੰਧ ਵਿਚ ਟੇਸਿਟੁਸ ਨੇ ਲਿਖਿਆ ਹੈ ਕਿ ਮਸੀਹੀ ਲੋਕ ''ਆਪਣੀਆਂ ਨਫ਼ਰਤ ਯੋਗ ਗੱਲਾਂ ਲਈ ਨਫ਼ਰਤ ਯੋਗ ਜਮਾਤ'' ਮੰਨੇ ਜਾਂਦੇ ਸਨ ਅਤੇ ਖ਼ਾਸ ਕਰ ''ਮਨੁੱਖ ਜਾਤੀ ਦੇ ਖ਼ਿਲਾਫ਼ ਨਫ਼ਰਤ'' ਲਈ।[37] ਉਨ੍ਹਾਂ ਬਾਰੇ ਦੁਰਭਾਵਨਾ ਉਨ੍ਹਾਂ ਦੇ ਖ਼ਿਲਾਫ਼ ਲਾਏ ਜਾਣ ਵਾਲੇ ਕੁਝ ਝੂਠੇ ਇਲਜ਼ਾਮਾਂ ਕਰਕੇ ਸਨ। ਉਨ੍ਹਾਂ ਤੇ ਆਦਮਖੋਰ ਹੋਣ ਦਾ ਇਲਜ਼ਾਮ ਲਾਇਆ ਜਾਂਦਾ ਸੀ ਕਿਉਂ ਜੋ ਉਹ ਮਸੀਹ ਦੇ ਸਰੀਰ ਨੂੰ ਖਾਣ ਅਤੇ ਉਸਦੇ ਲਹੂ ਨੂੰ ਪੀਣ ਦੀ ਗੱਲ ਕਰਦੇ ਸਨ। ਉਨ੍ਹਾਂ ਉੱਤੇ ਬੇਇਖ਼ਲਾਕੇ ਹੋਣ ਦਾ ਇਲਜ਼ਾਮ ਲਾਇਆ ਜਾਂਦਾ ਸੀ ਕਿਉਂ ਜੋ ਉਹ ਪ੍ਰੀਤੀ (*ਅਗਾਪੇ*) ਭੋਜਾਂ ਵਿਚ ਸ਼ਾਮਿਲ ਹੁੰਦੇ ਸਨ। ਉਨ੍ਹਾਂ ਉੱਤੇ ''ਅੱਗ ਲਾਉਣ'' ਦਾ ਇਲਜ਼ਾਮ ਲਾਇਆ ਜਾਂਦਾ ਸੀ ਕਿਉਂਕਿ ਉਨ੍ਹਾਂ ਦੇ ਪ੍ਰਚਾਰਕ ਅੱਗ (ਭਖਦੀ) ਵਿਚ ਦੁਨੀਆਂ ਦੇ ਖ਼ਤਮ ਹੋਣ ਦੀ ਗੱਲ ਕਹਿੰਦੇ ਸਨ। ਉਨ੍ਹਾਂ ਉੱਤੇ ਗੱਦਾਰ ਹੋਣ ਦਾ ਇਲਜ਼ਾਮ ਲਾਇਆ ਜਾਂਦਾ ਸੀ ਕਿਉਂ ਜੋ ਉਹ ਆਪਣੇ ਪ੍ਰਭੂ ਦੇ ਰੂਪ ਵਿਚ ਕੈਸਰ ਦੇ ਨਾਂਅ ਦੀ ਸਹੁੰ ਖਾਣ ਜਾਂ ਰੋਮ ਦੀ ਸ਼ਾਨ ਲਈ ਲੜਨ ਤੋਂ ਇਨਕਾਰ ਕਰਦੇ ਸਨ। ਅਜਿਹੇ ਇਲਜ਼ਾਮ ਬੇਬੁਨਿਆਦ ਸਨ ਅਤੇ ਬਿਨਾਂ ਸਿਰ ਪੈਰ ਦੇ ਸਨ, ਪਰ ਇਹ ਹਕੀਕਤ ਕਿ ਉਨ੍ਹਾਂ ਨੂੰ ਮੰਨਿਆ ਜਾਂਦਾ ਸੀ ਉਸ ਦਾ ਕਾਰਣ ਸੀ ਜਾਂ ਸ਼ਾਇਦ ਉਸ ਨੂੰ ਸਹੀ ਠਹਿਰਾਇਆ ਜਾਣਾ, ਕਿਉਂਕਿ ਜ਼ਿਆਦਾਤਰ ਸਤਾਅ ਉਨ੍ਹਾਂ ਦੇ ਖ਼ਿਲਾਫ਼ ਹੀ ਸੀ।

**ਆਇਤਾਂ 19, 20.** ਇਨ੍ਹਾਂ ਆਇਤਾਂ ਵਿਚ ਕੀਤਾ ਗਿਆ ਵਾਅਦਾ ਰਸੂਲਾਂ ਲਈ ਸੀ ਨਾ ਕਿ ਮਸੀਹੀ ਯੁੱਗ ਲਈ। ਉਨ੍ਹਾਂ ਨੂੰ ਵੱਖੋ ਵੱਖ ਮਜਲਿਸਾਂ ਵਿਚ ਲਿਜਾਏ ਜਾਣ ਵੇਲੇ ਇਹ **ਚਿੰਤਾ** ਕਰਨ ਦੀ ਲੋੜ ਨਹੀਂ ਸੀ ਕਿ ਆਪਣੇ ਉੱਤੇ ਲਾਏ ਇਲਜ਼ਾਮਾਂ ਦਾ ਜਵਾਬ ਦੇਣ ਲਈ ਉਹ **ਕਿੱਕੁਰ ਯਾ ਕੀ** ਬੋਲਣਗੇ। ਯਿਸੂ ਨੇ ਵਾਅਦਾ ਕੀਤਾ, **''ਜਿਹੜੀ ਗੱਲ ਤੁਸਾਂ ਬੋਲਣੀ ਹੈ ਉਹ ਤੁਹਾਨੂੰ ਉਸੇ ਘੜੀ ਬਖ਼ਸ਼ੀ ਜਾਵੇਗੀ।''** ਇੰਜੀਲ ਦੇ ਵਿਰਤਾਂਤਾਂ ਵਿਚ ਪਵਿੱਤਰ ਆਤਮਾ ਵੱਲੋਂ ਮਦਦ ਦਾ ਇਹ ਪਹਿਲਾ ਵਾਅਦਾ ਸੀ (ਵੇਖੋ ਮਰਕੁਸ 13:11; ਲੂਕਾ 21:14, 15; ਯੂਹੰਨਾ 14:15–17, 26; 15:26, 27; 16:13–15)। ਇਨ੍ਹਾਂ ਲੋਕਾਂ ਨੂੰ ਆਪਣੇ ਬਚਾਅ ਵਿਚ ਦਿੱਤੇ ਜਾਣ ਵਾਲੇ ਜਵਾਬਾਂ ਦੇ ਨਾਲ **ਆਤਮਾ** ਰਾਹੀਂ ਪ੍ਰੇਰਿਤ ਕੀਤਾ ਜਾਣਾ ਸੀ। ਜੇਮਸ ਬਰਟਨ ਕਾਫ਼ਮੈਨ ਨੇ ਇਸ ਹਵਾਲੇ ਨੂੰ ''ਉਸ ਪ੍ਰੇਰਣਾ ਦਾ ਜਿਸ ਨੇ ਸਾਰੀ ਸਚਿਆਈ ਵਿਚ ਰਸੂਲਾਂ ਦੀ ਅਗਵਾਈ ਕੀਤੀ, ਨਵੇਂ ਨੇਮ ਦੀਆਂ ਸਭ ਤੋਂ ਮਜ਼ਬੂਤ ਗੱਲਾਂ ਵਿੱਚੋਂ ਇਕ'' ਆਖਿਆ ਹੈ।[38]

**ਆਇਤ 21.** ਵਿਰੋਧ ਆਪਣੇ ਹੀ ਪਰਿਵਾਰ ਦੇ ਲੋਕਾਂ ਵੱਲੋਂ ਹੋਣਾ ਸੀ: **''ਭਾਈ ਭਾਈ ਨੂੰ ਅਤੇ ਪਿਉ ਪੁੱਤਰ ਨੂੰ ਮੌਤ ਲਈ ਫੜਵਾਏਗਾ ਅਤੇ ਬਾਲਕ ਆਪਣੇ ਮਾਪਿਆਂ ਦੇ ਵਿਰੁੱਧ ਉੱਠ ਖੜੇ ਹੋਣਗੇ ਅਤੇ ਉਨ੍ਹਾਂ ਨੂੰ ਮਰਵਾ ਸੁੱਟਣਗੇ।''** ਇਹ ਚਿਤਾਵਨੀ ਆਪਣੇ ਆਪ ਵਿਚ ਆਮ ਜਿਹੀ ਲਗਦੀ ਹੈ ਅਤੇ ਰਸੂਲਾਂ ਦੇ ਆਪਣੇ ਪਰਿਵਾਰ ਦੇ ਲੋਕਾਂ ਵੱਲੋਂ ਉਨ੍ਹਾਂ ਨਾਲ ਕੀਤੀ ਗਈ ਬਦਸਲੂਕੀ ਦੇ ਸਬੂਤ ਦੀ ਘਾਟ ਹੈ। ਪਰ ਪਰਿਵਾਰ ਵੱਲੋਂ ਅਜਿਹਾ ਵਿਰੋਧ ਮਸੀਹ ਦੇ ਮਗਰ ਚੱਲਣ ਵਾਲੇ ਹਰ ਬੰਦੇ ਲਈ ਇਕ ਸੰਭਾਵਿਤ ਖ਼ਤਰਾ ਸੀ।

ਕੁਝ ਰੱਬੀਆਂ ਦੀ ਸਿੱਖਿਆ ਸੀ, ''ਉਸ ਪੀੜ੍ਹੀ ਵਿਚ ਜਦ ਮਸੀਹਾ ਆਵੇਗਾ, ਜਵਾਨ ਲੋਕ ਬਜ਼ੁਰਗਾਂ ਨੂੰ ਅਪਮਾਨਿਤ ਕਰਨਗੇ, ... ਧੀਆਂ ਆਪਣੀਆਂ ਮਾਵਾਂ ਦੇ ਖ਼ਿਲਾਫ਼ ਅਤੇ ਬਹੁਆਂ ਆਪਣੀਆਂ ਸੱਸਾਂ ਦੇ ਖ਼ਿਲਾਫ਼ ਹੋ ਜਾਣਗੀਆਂ।''[39] ਇੱਥੇ ਪਰਿਵਾਰ ਦੇ ਲੋਕਾਂ ਨੇ ਵਿਸ਼ਵਾਸ ਕਰਨ ਵਾਲੇ ਆਪਣੇ ਰਿਸ਼ਤੇਦਾਰਾਂ ਨੂੰ ਹਾਕਮਾਂ ਕੋਲ ''ਫੜਵਾ'' (*paradidomi*) ਜਾਂ ''ਹਵਾਲੇ'' ਕਰ ਦੇਣਾ ਸੀ (ਵੇਖੋ 10:17)। ਤਾਂ ਜੋ ਉਨ੍ਹਾਂ ਨੂੰ ਹੋਰ ਸਜ਼ਾ ਦਿੱਤੀ ਜਾ ਸਕੇ।

ਮਸੀਹ ਦੀ ਇੰਜੀਲ ਦਾ ਇਰਾਦਾ ਭਾਵੇਂ ਲੋਕਾਂ ਨੂੰ ਇਕੱਠੇ ਕਰਨਾ ਹੈ ਪਰ ਲੋਕਾਂ ਵੱਲੋਂ ਇੰਜੀਲ ਨੂੰ ਰੱਦਣ ਦਾ ਨਤੀਜਾ ਪਰਿਵਾਰਾਂ ਵਿਚ ਵੀ ਫੁਟ ਪੈ ਜਾਣਾ ਹੈ। ਯਿਸੂ ਨੇ ਇਹ ਵੀ ਦੱਸਿਆ:

> ਕੀ ਤੁਸੀਂ ਸਮਝਦੇ ਹੋ ਭਈ ਮੈਂ ਧਰਮੀ ਉੱਤੇ ਮੇਲ ਕਰਾਉਣ ਆਇਆ ਹਾਂ? ਮੈਂ ਤੁਹਾਨੂੰ ਆਖਦਾ ਹਾਂ, ਨਹੀਂ ਸਗੋਂ ਜੁਦਾਈ। ਕਿਉਂਕਿ ਏਦੋਂ ਅੱਗੇ ਇਕ ਘਰ ਦੇ ਅਰ ਦੋ ਤਿੰਨਾਂ ਦੇ ਵਿਰੁੱਧ। ਓਹ ਅੱਡੋ ਅੱਡ ਹੋਣਗੇ ਅਰਥਾਤ ਪਿਉ ਪੁੱਤਰ ਦੇ ਵਿਰੁੱਧ ਅਰ ਪੁੱਤਰ ਪਿਉ ਦੇ ਵਿਰੁੱਧ, ਮਾਂ ਧੀ ਦੇ ਵਿਰੁਧ ਅਰ ਧੀ ਮਾਂ ਦੇ ਵਿਰੁਧ, ਸੱਸ ਆਪਣੀ ਨੂੰਹ ਦੇ ਵਿਰੁੱਧ ਅਰ ਨੂੰਹ ਸੱਸ ਦੇ ਵਿਰੁੱਧ (ਲੂਕਾ 12:51–53; ਵੇਖੋ ਮੱਤੀ 10:35, 36)।

**ਆਇਤ 22.** ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ, **"ਮੇਰੇ ਨਾਮ ਕਰਕੇ ਸਭ ਲੋਕ ਤੁਹਾਡੇ ਨਾਲ ਵੈਰ ਰੱਖਣਗੇ"** ਇਸ ਵਿਚ "ਸਭ" ਦਾ ਮਤਲਬ ਲਫ਼ਜ਼ੀ ਨਹੀਂ ਲਿਆ ਜਾਣਾ ਚਾਹੀਦਾ। ਇਹ ਅੱਤਕਥਨੀ ਦੀ ਇਕ ਮਿਸਾਲ ਹੈ ਅਤੇ ਇਸ ਵਿਚ ਲੋਕਾਂ ਦੀਆਂ ਸਭ ਕਿਸਮਾਂ, ਕੌਮਾਂ ਅਤੇ ਵਰਗ ਆ ਸਕਦੇ ਹਨ। "ਮੇਰੇ ਨਾਮ ਕਰਕੇ" ਜਾਂ "ਮੇਰੇ ਨਾਮ ਦੀ ਖ਼ਾਤਰ" ਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਨਾਲ ਨਫ਼ਰਤ ਕੀਤੀ ਜਾਣੀ ਸੀ ਕਿਉਂ ਜੋ ਮਸੀਹ ਨਾਲ ਵੀ ਨਫ਼ਰਤ ਕੀਤੀ ਗਈ ਸੀ (ਯੂਹੰਨਾ 15:18–25) ਜਾਂ ਇਹ ਕਿ ਉਨ੍ਹਾਂ ਨਾਲ ਇਸ ਕਰਕੇ ਨਫ਼ਰਤ ਕੀਤੀ ਜਾਣੀ ਸੀ ਕਿਉਂ ਜੋ ਉਨ੍ਹਾਂ ਨੇ ਉਸ ਦਾ ਨਾਮ "ਮਸੀਹੀ" ਪਹਿਨਿਆ ਸੀ (1 ਪਤਰਸ 4:14–16)। ਵਿਲਕਿੰਸ ਨੇ ਲਿਖਿਆ ਹੈ ਕਿ "ਮੇਰੇ ਨਾਮ ਕਰਕੇ" "ਇਹ ਖ਼ਾਸ ਖ੍ਰਿਸਟੁਸ ਸ਼ਾਸਤਰੀ ਇਜ਼ਹਾਰ ਹੈ (ਤੁਲਣਾ 5:11; 24:9) ਜੋ ਇਸਰਾਏਲ ਦੀ ਬੰਦਗੀ ਅਤੇ ਵਫ਼ਾਦਾਰੀ ਦੇ ਇੱਕੋ ਇਕ ਫ਼ੋਕਸ ਦੇ ਰੂਪ ਵਿਚ ਖ਼ੁਦਾ ਦੇ ਆਪਣੇ ਨੁਮਾਇੰਦੇ ਦੇ ਤੌਰ ਤੇ ਉਸ ਦੇ ਨਾਮ ਦੇ ਪੁਰਾਣੇ ਨੇਮ ਦੀ ਅਹਿਮੀਅਤ ਵੱਲ ਵਾਪਸ ਲੈ ਜਾਂਦਾ ਹੈ (ਉਦਾਹਰਣ ਲਈ, ਕੂਚ 3:15; 6:3; 9:16; 20:7)।"[40]

ਉਸ ਨਾਰਾਜ਼ਗੀ ਦੇ ਬਾਵਜੂਦ ਜਿਹੜੀ ਉਸ ਦੇ ਚੇਲਿਆਂ ਨੂੰ ਦੁਨੀਆਂ ਵਿਚ ਝੱਲਣੀ ਪੈਂਦੀ ਸੀ, ਯਿਸੂ ਨੇ ਦਲੇਰੀ ਦੇਣ ਵਾਲਾ ਵਾਅਦਾ ਦਿੱਤਾ: **"ਪਰ ਜਿਹੜਾ ਅੰਤ ਤੋੜੀ ਸਹੇਗਾ ਸੋਈ ਬਚਾਇਆ ਜਾਵੇਗਾ।"** "ਅੰਤ" ਲਈ ਯੂਨਾਨੀ ਭਾਸ਼ਾ ਦਾ ਸ਼ਬਦ (*telos*) ਕਈਆਂ ਨੂੰ ਸਮੇਂ ਦੇ ਅੰਤ ਦੇ ਬੇਪਰਵਾਹ ਦੇ ਅੰਦਾਜ਼ਿਆਂ ਤਕ ਲੈ ਗਿਆ ਹੈ। ਜੇ ਇਹ ਗੱਲ ਖ਼ਾਸ ਤੌਰ ਤੇ ਰਸੂਲਾਂ ਲਈ ਹੁੰਦੀ ਸੀ ਯਿਸੂ ਦੇ ਕਹਿਣ ਦਾ ਮਤਲਬ ਸਮੇਂ ਦਾ ਅੰਤ ਕਿਵੇਂ ਹੋ ਸਕਦਾ ਹੈ? ਜੇ ਹਰ ਯੁੱਗ ਦੇ ਮਸੀਹੀ ਲੋਕਾਂ ਤੇ ਲਾਗੂ ਕਰ ਵੀ ਦਿੱਤੀ ਜਾਵੇ ਤਾਂ ਭਲਾ ਇਸਦਾ ਮਤਲਬ ਇਹ ਹੋਵੇਗਾ ਕਿ ਉਹ ਬਚਾਏ ਜਾਣ ਲਈ ਸਮੇਂ ਦੇ ਅੰਤ ਤਕ ਜ਼ਿੰਦਾ ਰਹਿਣ? ਬੇਸ਼ੱਕ ਨਹੀਂ! *Telos* ਦਾ ਇੱਥੇ ਕੋਈ ਉਪਪਦ ਨਹੀਂ ਹੈ। ਇਹ "ਸਮੇਂ ਦੇ ਅੰਤ ਤਕ" ਦਾ ਸੰਕੇਤ ਨਹੀਂ ਦਿੰਦਾ (ਵੇਖੋ 24:13; 1 ਕੁਰਿੰਥੀਆਂ 13:7; ਪ੍ਰਕਾਸ਼ ਦੀ ਪੋਥੀ 3:11)।[41] ਇਸ ਦਾ ਮਤਲਬ "ਉਨ੍ਹਾਂ ਦੇ ਮਿਸ਼ਨ ਦੇ ਅੰਤ ਤਕ" ਹੋ ਸਕਦਾ ਹੈ ਪਰ ਬਹੁਤੀ ਸੰਭਾਵਨਾ "ਜ਼ਿੰਦਗੀ ਦੇ ਅਖ਼ੀਰ ਤਕ" ਦੀ ਹੈ[42] (ਵੇਖੋ ਪ੍ਰਕਾਸ਼ ਦੀ ਪੋਥੀ 2:10)।

**ਆਇਤ 23.** ਯਿਸੂ ਨੇ ਅੱਗੇ ਆਖਿਆ, **"ਜਦ ਲੋਕ ਤੁਹਾਨੂੰ ਇਕ ਨਗਰ ਵਿਚ ਸਤਾਉਣ ਤਦ ਦੂਏ ਨੂੰ ਭੱਜ ਜਾਓ।"** ਇੱਥੇ ਇਹ ਗੱਲ ਅਜੇ ਵੀ ਰਸੂਲਾਂ ਦੀ ਸੇਵਕਾਈ ਨਾਲ ਸਬੰਧਿਤ ਹੈ। ਉਨ੍ਹਾਂ ਨੂੰ ਪਹਿਲਾਂ ਹੀ ਦੱਸ ਦਿੱਤਾ ਗਿਆ ਸੀ ਕਿ ਜੇ ਕਿਸੇ ਨਗਰ ਵਿਚ ਉਨ੍ਹਾਂ ਨੂੰ ਚੰਗੀ ਤਰ੍ਹਾਂ ਕਬੂਲ ਨਹੀਂ ਕੀਤਾ ਜਾਂਦਾ ਤਾਂ ਉਹ "ਆਪਣੇ ਪੈਰਾਂ ਦੀ ਧੂੜ ਝਾੜ" ਦੇਣ (10:14)। ਉਹ ਉਨ੍ਹਾਂ ਨੂੰ ਸਮਝਾ ਰਿਹਾ ਹੋਵੇਗਾ ਕਿ ਜੇ ਕਿਸੇ ਖ਼ਾਸ ਸ਼ਹਿਰ ਵਿਚ ਉਨ੍ਹਾਂ ਨਾਲ ਦੁਸ਼ਮਣੀ ਵਾਲਾ ਵਿਹਾਰ ਜਾਂ ਕੰਮਾਂ ਦਾ ਸਾਹਮਣਾ ਕਰਨਾ ਪਏ ਤਾਂ ਉਹ ਉੱਥੇ ਰੁਕੇ ਰਹਿ ਕੇ ਹਾਲਾਤ ਨੂੰ ਸੰਭਾਲਣ ਦੀ ਕੋਸ਼ਿਸ਼ ਨਾ ਕਰਨ ਬਲਕਿ ਇਸਦੇ ਉਲਟ ਉਹ ਛੇਤੀ ਨਾਲ ਉੱਥੋਂ ਖਾਮੋਸ਼ੀ ਨਾਲ ਕਿਸੇ ਦੂਜੇ ਸ਼ਹਿਰ ਨੂੰ ਚਲੇ ਜਾਣ। ਕਲੀਸੀਆ ਦੇ ਕਾਇਮ ਹੋਣ ਦੇ ਬਾਅਦ ਪੌਲੁਸ ਨੇ ਆਪਣੀਆਂ ਮਿਸ਼ਨਰੀ ਯਾਤਰਾਵਾਂ ਵਿਚ ਅਜਿਹਾ ਹੀ ਕੀਤਾ (ਰਸੂਲਾਂ ਦੇ ਕੰਮ 14:1–7; 17:1–10)।

ਯਿਸੂ ਨੇ ਅੱਗੇ ਕਿਹਾ, **"ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਤੁਸੀਂ ਇਸਰਾਏਲ ਦਿਆਂ ਸਾਰਿਆਂ**

**ਨਗਰਾਂ ਵਿਚ ਨਾ ਫਿਰ ਲਵੋਗੇ ਕਿ ਮਨੁੱਖ ਦਾ ਪੁੱਤਰ ਆ ਜਾਵੇ।''** ''ਮਨੁੱਖ ਦਾ ਪੁੱਤਰ ਆ ਜਾਵੇ'' ਵਾਕਅੰਸ਼ ਇਸਦੇ ਅਰਥ ਦੇ ਸਬੰਧ ਵਿਚ ਸਾਨੂੰ ਵੱਡੀ ਚੁਣੌਤੀ ਦਿੰਦਾ ਹੈ। ਪੰਜ ਸੰਭਾਵਨਾਵਾਂ ਵਿਚਾਰ ਕਰਨ ਯੋਗ ਹਨ:

(1) ਇਹ ਵਾਕਅੰਸ਼ ਰਸੂਲਾਂ ਦੇ ਉਨ੍ਹਾਂ ਨਗਰਾਂ ਵਿਚ ਜਾਣ ਦੇ ਥੋੜ੍ਹੀ ਦੇਰ ਬਾਅਦ ਯਿਸੂ ਦੇ ਆਉਣ ਦੀ ਗੱਲ ਹੋ ਸਕਦੀ ਹੈ (11:1; ਵੇਖੋ ਲੂਕਾ 10:1)। ਸ਼ਾਇਦ ਇਹ ਸਭ ਤੋਂ ਅਸਾਨ ਅਤੇ ਸਭ ਤੋਂ ਸੰਭਾਵਿਤ ਵਿਆਖਿਆ ਹੈ।

(2) ਇਕ ਹੋਰ ਵਿਚਾਰ ਦਾਨੀਏਲ 7:13, 14 ਨਾਲ ਸ਼ੁਰੂ ਹੁੰਦਾ ਹੈ, ਜੋ ''ਮਨੁੱਖ ਦੇ ਪੁੱਤਰ'' ਦੇ ਆਉਣ ਦੇ ਜ਼ਿਕਰ ਦਾ ਬਾਈਬਲ ਦਾ ਪਹਿਲਾਂ ਹਵਾਲਾ ਹੈ। ਇਹ ਦ੍ਰਿਸ਼ ਮਸੀਹ ਦੀ ਤਾਜਪੋਸ਼ੀ ਨੂੰ ਭਵਿੱਖਬਾਣੀ ਵਿਚ ਵਿਖਾਉਂਦਾ ਹੈ। ਇਸ ਕਰਕੇ ਯਿਸੂ ਦੀ ਇਸ ਗੱਲ ਦੀ ਵਿਆਖਿਆ ਲਈ ਦਾਨੀਏਲ 7:13, 14 ਦੀ ਵਰਤੋਂ ਕੀਤੀ ਜਾਵੇ ਤਾਂ ਪੈਂਟੀਕਾਸਟ ਵਾਲੇ ਦਿਨ ਤੋਂ ਆਪਣੇ ਰਾਜ ਵਿਚ ਆਪਣੇ ਆਉਣ ਦਾ ਸੰਕੇਤ ਦੇ ਰਿਹਾ ਹੋਵੇਗਾ (16:28; ਰਸੂਲਾਂ ਦੇ ਕੰਮ 2:36)। ਜੇ ਇਹ ਵਿਆਖਿਆ ਸਹੀ ਹੈ ਤਾਂ ਸਾਡਾ ਪ੍ਰਭੂ ਉਸ ਸਮੇਂ ਦੀ ਗੱਲ ਕਰ ਰਿਹਾ ਸੀ ਜਿਹੜਾ ਦੋ ਕੁ ਸਾਲ ਦੂਰ ਸੀ। ਦੂਜੇ ਸ਼ਬਦਾਂ ਵਿਚ, ਯਿਸੂ ਕਹਿ ਰਿਹਾ ਸੀ, ''ਤੁਸੀਂ ਸਾਰੇ ਨਗਰਾਂ ਵਿਚ ਹੁਣ ਅਤੇ ਆਪਣੀ ਸੇਵਕਾਈ ਦੇ ਬਾਅਦ ਵਿਚ ਘੁੰਮ ਲਵੋਗੇ ਤਦੇ ਮਨੁੱਖ ਦਾ ਪੁੱਤਰ ਆਪਣੇ ਰਾਜ ਦੇ ਨਾਲ ਆ ਜਾਵੇਗਾ।''

(3) ਯਿਸੂ ਇਸਰਾਏਲ ਦੇ ਖ਼ਿਲਾਫ਼ ਨਿਆਂ ਵਿਚ ਆਪਣੇ ਆਉਣ ਦਾ ਸੰਕੇਤ ਦੇ ਰਿਹਾ ਹੋਵੇਗਾ ਜਦ 70 ਈਸਵੀ ਵਿਚ ਰੋਮੀ ਫ਼ੌਜ ਰਾਹੀਂ ਯਰੂਸ਼ਲਮ ਨੂੰ ਬਰਬਾਦ ਕੀਤਾ ਗਿਆ ਸੀ। ਪਰ ਜੇ ਉਹਦੇ ਕਹਿਣ ਦਾ ਮਤਲਬ ਇਹ ਸੀ ਤਾਂ ਉਹ ਉਸ ਘਟਨਾ ਦੀ ਗੱਲ ਕਰ ਰਿਹਾ ਸੀ ਜਿਹੜੀ ਚਾਲੀ ਸਾਲਾਂ ਬਾਅਦ ਹੋਣ ਵਾਲੀ ਸੀ। ਇਹ ਵਿਚਾਰ ਉਸ ਸਮੇਂ ਰੇਖਾ ਨੂੰ ਜਿਸਦਾ ਸੰਕੇਤ ਯਿਸੂ ਦੇ ਰਿਹਾ ਸੀ, ਖਿੱਚਦਾ ਹੋਇਆ ਲੱਗੇਗਾ।

(4) ਚੌਥਾ ਵਿਚਾਰ ਵੀ ਜੋ ਦਾਨੀਏਲ 7:13, 14 ਤੇ ਅਧਾਰਿਤ ਹੈ। ਮਸੀਹ ਦੀ ਦੂਜੀ ਆਮਦ ਦੇ ਵਾਕਅੰਸ਼ ਤੇ ਲਾਗੂ ਹੁੰਦਾ ਹੈ। ਇਕ ਵਾਰ ਫੇਰ ਇਹ ਵਿਚਾਰ ਉਸ ਸਮੇਂ ਰੇਖਾ ਤੋਂ ਕਿਤੇ ਦੂਰ ਹਟਾਇਆ ਜਾਣਾ ਜ਼ਰੂਰੀ ਹੈ ਜਿਸਦਾ ਯਿਸੂ ਐਲਾਨ ਕਰ ਰਿਹਾ ਸੀ।

(5) ਇਸ ਵਾਕਅੰਸ਼ ਦਾ ਇਕ ਸਾਫ਼ ਤੌਰ ਤੇ ਗਲਤ ਵਿਚਾਰ ਇਹ ਮਾਨਤਾ ਹੈ ਕਿ ਯਿਸੂ ਇਸ ਧਰਤੀ ਉੱਤੇ ਰਾਜ ਕਰਨ ਲਈ ਵਾਪਸ ਆਉਣ ਦੀ ਗੱਲ ਕਰ ਰਿਹਾ ਸੀ। ਇਸ ਵਿਚਾਰ ਦੇ ਮੁਤਾਬਿਕ ਰਸੂਲਾਂ ਦੇ ਸਭ ਨਗਰਾਂ ਵਿਚ ਪਹੁੰਚਣ ਤੋਂ ਪਹਿਲਾਂ ਹੀ ਮਨੁੱਖ ਦਾ ਪੁੱਤਰ ਇਨ੍ਹਾਂ ਨਗਰਾਂ ਉੱਤੇ ਰਾਜ ਕਰਨ ਲਈ ਵਾਪਸ ਆ ਜਾਣਾ ਸੀ। ਪਹਿਲੀ ਗੱਲ ਤਾਂ ਇਹ ਹੈ ਕਿ ਨਵਾਂ ਨੇਮ ਯਿਸੂ ਨੂੰ ਕਿਤੇ ਵੀ ਇਸ ਧਰਤੀ ਉੱਤੇ ਰਾਜ ਕਰਨ ਲਈ ਵਾਪਸ ਆਉਂਣ ਲਈ ਨਹੀਂ ਵਿਖਾਉਂਦਾ। ਦੂਜੀ ਇਹ ਕਿ ਜਦ ਉਹ ਦੋਬਾਰਾ ਆਵੇਗਾ ਤਾਂ ਉਹ ਆਪਣੇ ਨਾਲ ਸੁਰਗ ਵਿਚ ਰਹਿਣ ਲਈ ਬਚਾਏ ਹੋਏ ਲੋਕਾਂ ਨੂੰ ਲੈ ਜਾਵੇਗਾ (ਵੇਖੋ ਯੂਹੰਨਾ 18:36; 1 ਥੱਸਲੁਨੀਕੀਆਂ 4:16–18)।

~~~ **ਸਬਕ** ~~~

## ਲਿਮਿਟਡ ਕਮੀਸ਼ਨ (ਅਧਿਆਇ 10)

ਅਗਲੀਆਂ ਵੰਡਾਂ ਨਾਲ ਪੂਰੇ ਅਧਿਆਇ ਨੂੰ ਵਿਸਤਾਰ ਦਿੱਤਾ ਜਾ ਸਕਦਾ ਹੈ: (1) ਯਿਸੂ ਨੇ ਰਸੂਲਾਂ ਨੂੰ ਸੱਦਿਆ (10:1–4); (2) ਯਿਸੂ ਨੇ ਰਸੂਲਾਂ ਕਮੀਸ਼ਨ ਦਿੱਤਾ (10:5–15); (3) ਯਿਸੂ ਨੇ ਰਸੂਲਾਂ ਨੂੰ ਚਿਤਾਵਨੀ ਦਿੱਤੀ (10:16–23); ਅਤੇ (4) ਯਿਸੂ ਨੇ ਰਸੂਲਾਂ ਨੂੰ ਸਿਖਾਇਆ (10:24–42)।
~~~

## ਯਿਸੂ ਦੀ ਸੇਵਕਾਈ ਦੇ ਵਿਸਤਾਰ (10:1-8)

ਰਸੂਲਾਂ ਨੂੰ ਮਸੀਹ ਵਲੋਂ ਅਤੇ ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਵਿਲੱਖਣ ਤੌਰ ਤੇ ਸੱਦਿਆ ਗਿਆ ਸੀ। ਅੱਜ ਮਸੀਹੀ ਲੋਕਾਂ ਵਿਚ ਉਹੀ ਖੂਬੀਆਂ ਨਹੀਂ ਹਨ। ਪਰ ਸਾਨੂੰ ਇੰਜੀਲ ਦੇ ਰਾਹੀਂ ਸੱਦਿਆ ਗਿਆ ਹੈ ਅਤੇ ਸਾਡੇ ਕੋਲ ਆਤਮਾ ਦੀ ਪ੍ਰੇਰਣਾ ਨਾਲ ਦਿੱਤਾ ਗਿਆ ਵਚਨ ਹੈ। ਇਸਦੇ ਇਲਾਵਾ ਗ੍ਰੇਟ ਕਮੀਸ਼ਨ ਅੱਜ ਵੀ ਸਾਡੇ ਵਾਸਤੇ ਹੈ (28:18–20)। ਰਸੂਲਾਂ ਵਾਂਗ ਹੀ ਅਸੀਂ ਵੀ ਯਿਸੂ ਦੀ ਸੇਵਕਾਈ ਦੇ ਵਿਸਤਾਰ ਹਾਂ। ਕਹਿੰਦੇ ਹਨ ਕਿ ''ਅਸੀਂ ਉਸ ਦੇ ਹੱਥ ਅਤੇ ਪੈਰ ਹਾਂ।'' ਇਸ ਦੁਨੀਆਂ ਵਿਚ ਮਸੀਹ ਦਾ ਕੰਮ ਜੋ ਪੂਰਾ ਕਰਨਾ ਤਾਂ ਉਸਨੇ ਉਸਦੇ ਚੇਲੇ ਹੀ ਕਰਨਗੇ।

ਡੇਵਿਡ ਸਟਿਵਰਟ

## ਯਿਸੂ ਦੇ ਰਸੂਲ (10:2-4)

ਯਿਸੂ ਨੇ ਮੂਲ ਵਿਚ ਆਪਣੇ ਨਿੱਜੀ ਰਾਜਦੂਤ ਬਣਾਉਣ ਲਈ ਬਾਰ੍ਹਾਂ ਪੁਰਖਾਂ ਨੂੰ ਚੁਣਿਆ (ਮਰਕੁਸ 3:13–15; ਲੂਕਾ 6:12–13)। ਇਹ ਲੋਕ ਉਸ ਦੇ ਬਪਤਿਸਮੇ ਦੇ ਸਮੇਂ ਤੋਂ ਲੈ ਕੇ ਉਸਦੇ ਉੱਪਰ ਉਠਾਏ ਜਾਣ ਤਕ ਉਸਦੀ ਪੂਰੀ ਸੇਵਕਾਈ ਦੌਰਾਨ ਉਸਦੇ ਨਾਲ ਰਹੇ ਸਨ ਅਤੇ ਉਸਦੇ ਜੀ ਉੱਠਣ ਦੇ ਗਵਾਹ ਸਨ (ਰਸੂਲਾਂ ਦੇ ਕੰਮ 1:21, 22; 2:32)। ਮਥਿਆਸ ਨੂੰ ਯਹੂਦਾ ਦੀ ਥਾਂ ਚੁਣਿਆ ਗਿਆ ਸੀ ਜਿਸਨੇ ਯਿਸੂ ਨੂੰ ਫੜਵਾ ਕੇ ਆਪਣੀ ਜਾਨ ਆਪੇ ਲੈ ਲਈ ਸੀ (ਰਸੂਲਾਂ ਦੇ ਕੰਮ 1:15–26)। ਪੌਲੁਸ ਨੂੰ ਬਾਅਦ ਵਿਚ ਯਿਸੂ ਵੱਲੋਂ ਰਸੂਲ ਚੁਣਿਆ ਗਿਆ ਸੀ (ਰਸੂਲਾਂ ਦੇ ਕੰਮ 9:1–22; 1 ਕੁਰਿੰਥੀਆਂ 15:1–11; 2 ਕੁਰਿੰਥੀਆਂ 11:5)। ਸਿਰਫ਼ ਚੌਦਹਾਂ ਪੁਰਖ ਖ਼ਾਸ ਤੌਰ ਤੇ ਮਸੀਹ ਦੇ ਰਸੂਲ ਸਨ।

ਪਰ ਨਵੇਂ ਨੇਮ ਵਿਚ ''ਰਸੂਲ'' ਸ਼ਬਦ ਦੀ ਵਰਤੋਂ ਹੋਰ ਲੋਕਾਂ ਦੇ ਵੇਰਵੇ ਲਈ ਫ਼ਰਕ ਅਰਥ ਵਿਚ ਹੋਈ ਹੈ। ਯਿਸੂ ਨੂੰ ਆਪ ਇਕ ਮਿਸ਼ਨ ਤੇ ਭੇਜੀ ਹੋਈ ਪ੍ਰਮੁੱਖ ਉਦਾਹਰਣ ਬਣਨ ਲਈ ''ਰਸੂਲ'' ਕਿਹਾ ਗਿਆ ਹੈ (ਇਬਰਾਨੀਆਂ 3:1)। ਪ੍ਰਭੂ ਦਾ ਭਾਈ ਯਾਕੂਬ ਉਸਦੇ ਜੀ ਉੱਠਣ ਦਾ ਗਵਾਹ ਸੀ (1 ਕੁਰਿੰਥੀਆਂ 15:7) ਅਤੇ ਯਰੂਸ਼ਲਮ ਦੀ ਕਲੀਸੀਆ ਵਿਚ ਲੀਡਰਸ਼ਿਪ ਦੀ ਅਹਿਮ ਭੂਮਿਕਾ ਵਿਚ ਸੀ (ਰਸੂਲਾਂ ਦੇ ਕੰਮ 15:13–21; 21:17, 18; ਗਲਾਤੀਆਂ 2:9)। ਉਸ ਨੂੰ ''ਰਸੂਲਾਂ'' ਵਿੱਚੋਂ ਇਕ ਦੱਸਿਆ ਗਿਆ ਹੈ (ਗਲਾਤੀਆਂ 1:19)। ਇਕ ਹੋਰ ਉਦਾਹਰਣ ਬਰਨਾਬਾਸ ਹੈ ਕਿਉਂਕਿ ਉਸ ਨੂੰ ਅਤੇ ਪੌਲੁਸ ਨੂੰ ''ਰਸੂਲ'' ਦੱਸਿਆ ਗਿਆ ਹੈ (ਰਸੂਲਾਂ ਦੇ ਕੰਮ 14:4, 14)। ਪਵਿੱਤਰ ਆਤਮਾ ਦੇ ਰਾਹੀਂ ਇਸ ਮਿਸ਼ਨ ਲਈ ਚੁਣੇ ਜਾਣ ਕਰਕੇ ਇਨ੍ਹਾਂ ਪੁਰਖਾਂ ਨੂੰ ਅੰਤਾਕਿਆ ਦੀ ਕਲੀਸੀਆ ਵੱਲੋ ਪ੍ਰਚਾਰ ਕਰਨ ਲਈ ਭੇਜਿਆ ਗਿਆ ਸੀ (ਰਸੂਲਾਂ ਦੇ ਕੰਮ 13:1–3)। ਹੋਰ ਲੋਕਾਂ ਨੂੰ ਵੀ ''ਰਸੂਲ'' ਜਾਂ ''ਦੂਤ'' ਕਿਹਾ ਗਿਆ ਹੈ ਕਿਉਂ ਜੋ ਉਨ੍ਹਾਂ ਨੂੰ ਸਥਾਨਕ ਮੰਡਲੀ ਵੱਲੋਂ ਕੋਈ ਖ਼ਾਸ ਕੰਮ ਕਰਨ ਲਈ ਸੌਂਪਿਆ ਗਿਆ ਸੀ (2 ਕੁਰਿੰਥੀਆਂ 8:23; ਫ਼ਿਲਿੱਪੀਆਂ 2:25; 1 ਥੱਸਲੁਨੀਕੀਆਂ 1:1; 2:6)।

## ਪਤਰਸ (10:2-4)

ਪਤਰਸ ਨੂੰ ਪ੍ਰਭੂ ਦੇ ਰਸੂਲਾਂ ਦੀ ਹਰ ਫ਼ਹਰਿਸਤ ਵਿਚ ਉੱਤੇ ਹੀ ਰੱਖਿਆ ਗਿਆ ਹੈ ਜਿਸ ਕਰਕੇ ਕਈਆਂ ਨੇ ਸੁਝਾਅ ਦਿੱਤਾ ਹੈ ਕਿ ਪਤਰਸ ਪ੍ਰਮੁੱਖ ਰਸੂਲ ਸੀ ਬਲਕਿ ''ਕਲੀਸੀਆ ਦਾ ਸਿਰ'' ਸੀ। ਇਹ ਗਲਤ ਧਾਰਨਾ ਮੱਤੀ 16:18, 19 ਵਿਚ ਪਤਰਸ ਨੂੰ ਕਹੀ ਗਈ ਯਿਸੂ ਦੀ ਗੱਲ ਨੂੰ ਗਲਤ

ਸਮਝਣ ਦੇ ਅਧਾਰ ਤੇ ਹੀ ਹੈ। ਰੋਮਨ ਕੈਥੋਲਿਕ ਚਰਚ ਤਾਂ ਇਹ ਵੀ ਦਾਅਵਾ ਕਰਦਾ ਹੈ ਕਿ ਪਤਰਸ ਪਹਿਲਾ ਪੋਪ ਸੀ। ਪਤਰਸ ਨੇ ਆਪਣੇ ਲਈ ਕਦੇ ਅਜਿਹੇ ਇਖ਼ਤਿਆਰ ਦਾ ਦਾਅਵਾ ਨਹੀਂ ਕੀਤਾ। ਪੌਲੁਸ ਨੇ ਗੈਰਕੌਮਾਂ ਦੇ ਨਾਲ ਜਾਣ ਦੇ ਮਾਮਲੇ ਵਿਚ ਪਤਰਸ ਦੇ ਕਪਟ ਲਈ ਉਹਨੂੰ ਝਾੜ ਪਾਈ ਸੀ (ਗਲਾਤੀਆਂ 2:11–14), ਪਰ ਬਾਅਦ ਵਿਚ ਪਤਰਸ ਨੇ ਪੌਲੁਸ ਦੇ ਡੂੰਘੇ ਗਿਆਨ ਲਈ ਉਸ ਦੀ ਤਾਰੀਫ਼ ਕੀਤ ਸੀ (2 ਪਤਰਸ 3:15, 16)। ਪਤਰਸ ਨੇ ਹਲੀਮੀ ਨਾਲ ਆਪਣੇ ਆਪ ਨੂੰ ''ਨਾਲ ਦਾ ਬਜ਼ੁਰਗ'' ਦੱਸਿਆ (1 ਪਤਰਸ 5:1)। ਮਸੀਹ ਦੀ ਮੁੱਢਲੀ ਕਲੀਸੀਆ ਉੱਤੇ ਕਦੇ ਕੋਈ ''ਪੋਪ'' ਨਹੀਂ ਸੀ ਅਤੇ ਮਸੀਹ ਹੀ ਆਪਣੀ ਕਲੀਸੀਆ ਉੱਤੇ ਇੱਕੋ ਇਕ ਸਿਰ ਹੈ (ਅਫ਼ਸੀਆਂ 1:22, 23; 5:23; ਕੁਲੁੱਸੀਆਂ 1:18)।

## "ਉੱਪਰੋਂ ਸ਼ਕਤੀ" (10:8)

ਯਿਸੂ ਨੇ ਰਸੂਲਾਂ ਨਾਲ ਵਾਅਦਾ ਕੀਤਾ ਕਿ ਉਹ ਉਸ ਦੇ ''ਗਵਾਹ'' ਹੋਣ ਲਈ ਪਵਿੱਤਰ ਆਤਮਾ ਤੋਂ ''ਸ਼ਕਤੀ'' (ਰਸੂਲਾਂ ਦੇ ਕੰਮ 1:8; ਵੇਖੋ ਲੂਕਾ 24:49) ਪਾਉਣਗੇ। ਉਨ੍ਹਾਂ ਅੰਦਰੋਂ ਪਾਈ ਜਾਣ ਵਾਲੀ ਸ਼ਕਤੀ ਜਾਂ ''ਦਾਨਾਂ'' ਨਾਲ ਉਨ੍ਹਾਂ ਨੂੰ ਪਵਿੱਤਰ ਆਤਮਾ ਦੇ ਵੱਖੋ ਵੱਖ ਦਾਨ ਹੋਰਨਾਂ ਨੂੰ ਦੇਣ ਦੀ ਯੋਗਤਾ ਦਿੱਤੀ ਜਾਣੀ ਸੀ (1 ਕੁਰਿੰਥੀਆਂ 12:4–11)। ਰਸੂਲਾਂ ਦੇ ਕੰਮ ਤੇ ਪਹਿਲੇ ਅਧਿਆਇਆਂ ਵਿਚ ਇਹ ਸਾਫ਼ ਹੈ ਕਿ ਰਸੂਲ ਹੀ ਇਸ ਕੰਮ ਨੂੰ ਕਰ ਸਕਣ ਵਾਲੇ ਲੋਕ ਸਨ (ਰਸੂਲਾਂ ਦੇ ਕੰਮ 8:14, 15)। ਪਵਿੱਤਰ ਆਤਮਾ ਦਾ ਸਹਿਜ ਤੌਰ ਤੇ ਵਹਾਇਆ ਜਾਣਾ ਸਿਰਫ਼ ਦੋ ਵਾਰ ਹੋਇਆ (ਰਸੂਲਾਂ ਦੇ ਕੰਮ 2; 10), ਰਸੂਲਾਂ ਲਈ ਪਵਿੱਤਰ ਆਤਮਾ ਦੀ ਤਰਫ਼ੋ ਮੋਅਜਜ਼ਿਆਂ ਦੀਆਂ ਸ਼ਕਤੀਆ ਪਾਉਣ ਦਾ ਇੱਕੋ ਇਕ ਢੰਗ ਰਸੂਲਾਂ ਦੇ ਰਾਹੀਂ ਉਨ੍ਹਾਂ ਨੂੰ ਇਹ ਦਾਨ ਦਿੱਤੇ ਜਾਣਾ ਸੀ। ਇਹ ਦੁਆ ਅਤੇ ਰਸੂਲਾਂ ਦੇ ਹੱਥ ਰੱਖੇ ਜਾਣ ਨਾਲ ਮੇਲ ਖਾਂਦੇ ਹੋਏ ਹੋਇਆ।

ਆਪਣੀ ਮਨਬਦਲੀ ਦੇ ਬਾਅਦ ਕਿਸੇ ਵਕਤ (ਰਸੂਲਾਂ ਦੇ ਕੰਮ 9), ਪੌਲੁਸ ਨੂੰ ਮੋਅਜਜ਼ੇ ਕਰਨ ਦੇ ਦਾਨ ਅਤੇ ਉਨ੍ਹਾਂ ਨੂੰ ਦੂਜਿਆਂ ਨੂੰ ਦੇਣ ਦੀ ਸ਼ਕਤੀ ਮਿਲੀ ਸੀ। ਰਸੂਲ ਦੇ ਰੂਪ ਵਿਚ ਉਹ ਨਵੇਂ ਬਣੇ ਮਸੀਹੀ ਲੋਕਾਂ ਨੂੰ ਆਪਣੇ ਹੱਥ ਰੱਖ ਕੇ ਉਨ੍ਹਾਂ ਨੂੰ ਆਤਮਾ ਦੇ ਦਾਨ ਦੇਣ ਦੀ ਸ਼ਕਤੀ ਦੇ ਸਕਦਾ ਸੀ (ਰਸੂਲਾਂ ਦੇ ਕੰਮ 19:6; ਰੋਮੀਆਂ 1:11; 2 ਤਿਮੋਥਿਉਸ 1:6)। ਮਸੀਹੀ ਆਦਮੀ ਨੂੰ ਦਾਨ ਮਿਲਣ ਦੇ ਬਾਅਦ ਅਜਿਹਾ ਲਗਦਾ ਹੈ ਕਿ ਉਹ ਦੁਆ ਦੇ ਰਾਹੀਂ ਵਾਧੂ ਦਾਨਾਂ ਦੀ ਇੱਛਾ ਕਰ ਸਕਦਾ ਸੀ। ਪੌਲੁਸ ਨੇ ਕੁਰਿੰਥੁਸ ਦੇ ਲੋਕਾਂ ਨੂੰ ਲਿਖਿਆ ਕਿ ਉਹ ''ਚੰਗੀਆਂ ਤੋਂ ਚੰਗੀਆਂ ਦਾਤਾਂ ਨੂੰ'' ਲੋਚਣ ਅਤੇ ਖ਼ਾਸਕਰ ''ਇਹ ਜੋ ਤੁਸੀਂ ਅਗੰਮ ਵਾਕ ਕਰੋ'' (1 ਕੁਰਿੰਥੀਆਂ 12:31; 14:1)। ਉਸ ਨੇ ਬੋਲੀਆਂ ਬੋਲਣ ਵਾਲਿਆਂ ਨੂੰ ਇਹ ''ਦੁਆ'' ਕਰਨ ਲਈ ਉਤਸ਼ਾਹਿਤ ਕੀਤਾ ਕਿ ''[ਤੁਸੀਂ] ਹੱਥ ਵੀ ਕਰ'' ਸਕੋ (1 ਕੁਰਿੰਥੀਆਂ 14:13)।

ਜਦ ਆਖਰੀ ਰਸੂਲ ਦੀ ਮੌਤ ਹੋ ਗਈ ਤਾਂ ਦਾਨ ਦੇਣ ਦੀ ਸ਼ਕਤੀ ਵੀ ਉਹਦੇ ਨਾਲ ਹੀ ਖ਼ਤਮ ਹੋ ਗਈ। ਉਸ ਆਖ਼ਰੀ ਆਦਮੀ ਦੀ ਮੌਤ ਨਾਲ ਜਿਸ ਉੱਤੇ ਕਿਸੇ ਰਸੂਲ ਨੇ ਆਪਣੇ ਹੱਥ ਰੱਖੇ ਸਨ, ਧਰਤੀ ਤੋਂ ਪਵਿੱਤਰ ਆਤਮਾ ਦੇ ਮੋਅਜਜ਼ੇ ਕਰਨ ਦੇ ਦਾਨ ਵੀ ਬੰਦ ਹੋ ਗਏ।

## "ਰਾਹ ਦੀ ਰੌਸ਼ਨੀ" (10:9, 10)

10:9, 10 ਵਿਚ ਦਿੱਤੀਆਂ ਗਈਆਂ ਖ਼ਾਸ ਪਾਬੰਧੀਆਂ ਭਾਵੇਂ ਸਿਰਫ਼ ਰਸੂਲਾਂ ਲਈ ਲਿਮਿਟਡ ਕਮੀਸ਼ਨ ਲਈ ਸਨ ਪਰ ਉਸ ਤੋਂ ਸਾਡੇ ਲਈ ਪ੍ਰਭੂ ਦੇ ਗ੍ਰੇਟ ਕਮੀਸ਼ਨ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦਿਆਂ ਘੱਟੋ ਘੱਟ ਦੋ ਅਹਿਮ ਤੱਥ ਹਨ। ਪਹਿਲਾ, ਜਿਵੇਂ ਰਸੂਲਾਂ ਲਈ ਇਹ ਭਰੋਸਾ ਰੱਖਣਾ

ਜ਼ਰੂਰੀ ਸੀ ਕਿ ਖ਼ੁਦਾ ਉਨ੍ਹਾਂ ਦੇ ਮਿਸ਼ਨ ਲਈ ਉਨ੍ਹਾਂ ਵਾਸਤੇ ਉਪਾਅ ਕਰੇਗਾ, ਉਵੇਂ ਹੀ ਸਾਡੇ ਲਈ ਵੀ ਭਰੋਸਾ ਰੱਖਣਾ ਜ਼ਰੂਰੀ ਹੈ ਕਿ ਉਹ ਅੱਜ ਸਾਡੀ ਦੇਖਭਾਲ ਕਰੇਗਾ। ਦੂਜਾ, ਭੌਤਿਕ ਚੀਜ਼ਾਂ ਸੰਸਾਰ ਵਿਚ ਇੰਜੀਲ ਲਿਜਾਣ ਦੇ ਸਾਡੇ ਮਿਸ਼ਨ ਲਈ ਰੁਕਾਵਟ ਪਾ ਸਕਦੀਆਂ ਹਨ। ਹੇਅਰ ਨੇ ਲਿਖਿਆ ਹੈ,

> ਕਿਸੇ ਵੀ ਗੱਲ ਵਿਚ, ਆਇਤਾਂ 9–10 ਦਾ ਮੁੱਖ ਸੰਦੇਸ਼ ''ਰਾਹ ਦੀ ਰੌਸ਼ਨੀ'' ਹੀ ਹੈ। ਆਤਮਿਕ ਕੁੰਜੀ ਵਿਚ ਬਦਲ ਦੇਣ ਤੇ ਇਹ ਸੁਝਾਅ ਮਿਲਦਾ ਹੈ ਕਿ ਮਸੀਹੀ ਪ੍ਰਚਾਰਕ ਭੌਤਿਕਵਾਦ ਦੀ ਅਤੀ ਤੋਂ ਮੁਕਤ ਜ਼ਿੰਦਗੀ ਕੱਟਣ। ਇਹ ਉਨ੍ਹਾਂ ਨਈ ਵੀ ਹੈ ਜਿਹੜੇ ਦੂਰ ਦਰਾਜ ਦੇ ਥਾਂਵਾਂ ਲਈ ਇੰਜੀਲ ਦੇ ਪ੍ਰਚਹਾਰ ਲਈ ਆਪਣੇ ਘਰ ਅਤੇ ਦੇਸ਼ ਨੂੰ ਛੱਡਦੇ ਹਨ ਅਤੇ ਉਨ੍ਹਾਂ ਲਈ ਵੀ ਜਿਹੜੇ ਘਰ ਵਿਚ ਗੁਆਂਢੀਆਂ ਨਾਲ ਆਪਣੇ ਵਿਸ਼ਵਾਸ ਨੂੰ ਸਾਂਝਾ ਕਰਦੇ ਹਨ। ਸਾਨੂੰ ਵਾਧੂ ਸਨਮਾਨ ਨੂੰ ਇੰਜੀਲ ਦੇ ਰਸਤੇ ਵਿਚ ਨਹੀਂ ਆਉਣ ਦੇਣਾ ਚਾਹੀਦਾ।[43]

ਡੇਵਿਡ ਸਟਿਵਰਟ

## ਪ੍ਰਚਾਰਕ ਦੀ ਮਦਦ ਕਰਨਾ (10:10)

ਕੁਝ ਲੋਕ ਇੰਜੀਲ ਦੇ ਸੇਵਕਾਂ ਨੂੰ ਆਪਣੇ ਕੰਮ ਦਾ ਮੁਆਵਜ਼ਾ ਦੇਣ ਤੇ ਇਤਰਾਜ ਕਰਦੇ ਹਨ। ਪਰ ਯਿਸੂ ਨੇ ਸਾਫ਼ ਕੀਤਾ ਕਿ ''ਕਾਮਾ ਆਪਣੇ ਭੋਜਨ ਦਾ ਹੱਕਦਾਰ ਹੈ'' (10:10)। ਪੌਲੁਸ ਨੇ ਨਾ ਸਿਰਫ਼ ਪ੍ਰਚਾਰਕਾਂ ਨੂੰ ਪੈਸਾ ਦੇਣ ਦੀ ਵਕਾਲਤ ਹੀ ਕੀਤੀ ਬਲਕਿ ਉਸਨੇ ਹੁਕਮ ਵੀ ਦਿੱਤਾ ਕਿ ''ਜੇ ਅਸਾਂ ਤੁਹਾਡੇ ਲਈ ਆਤਮਕ ਪਦਾਰਥ ਬੀਜੇ ਤਾਂ ਕੀ ਇਹ ਕੋਈ ਵੱਡੀ ਗੱਲ ਜੋ ਅਸੀਂ ਤੁਹਾਡੇ ਸਰੀਰਕ ਪਦਾਰਥ ਵੱਢੀਏ?'' (1 ਕੁਰਿੰਥੀਆਂ 9:11); ''ਇਸੇ ਪ੍ਰਕਾਰ ਪ੍ਰਭੂ ਨੇ ਖੁਸ਼ਖਬਰੀ ਦੇ ਪ੍ਰਚਾਰਕਾਂ ਲਈ ਭੀ ਇਹ ਥਾਪਿਆ ਹੈ ਭਈ ਓਹ ਖੁਸ਼ਖਬਰੀ ਤੋਂ ਹੀ ਗੁਜ਼ਾਰਾ ਕਰਨ'' (1 ਕੁਰਿੰਥੀਆਂ 9:14)। ਪ੍ਰਚਾਰਕਾਂ ਨੂੰ ਨਾ ਸਿਰਫ਼ ਪੈਸਾ ਲੈਣ ਲਈ ਪ੍ਰਚਾਰ ਕਰਨਾ ਚਾਹੀਦਾ ਹੈ ਬਲਕਿ ਉਨ੍ਹਾਂ ਦੀ ਯੋਗ ਮਦਦ ਵੀ ਕੀਤੀ ਜਾਣੀ ਚਾਹੀਦੀ ਹੈ।

ਡੇਵਿਡ ਸਟਿਵਰਟ

## ਇਨਾਮ ਅਤੇ ਸਜ਼ਾ ਦੇ ਦਰਜੇ (10:15)

ਆਪਣੇ ਰਸੂਲਾਂ ਨੂੰ ਠੁਕਰਾਉਣ ਵਾਲਿਆਂ ਦੀ ਗੱਲ ਕਰਦਿਆਂ ਯਿਸੂ ਨੇ ਕਿਹਾ ਕਿ ''ਨਿਆਉਂ ਦੇ ਦਿਨ ਉਸ ਨਗਰ ਨਾਲੋਂ ਸਦੂਮ ਅਤੇ ਅਮੂਰਾਹ ਦੇ ਦੇਸ ਦਾ ਹਾਲ ਝੱਲਣ ਜੋਗ ਹੋਵੇਗਾ'' (10:15)। ''ਝੱਲਣ ਜੋਗ'' ਤੋਂ ਸਜ਼ਾ ਨਾ ਮਿਲਣ ਦਾ ਸੰਕੇਤ ਨਹੀਂ ਹੈ। ਯਿਸੂ ਅਜਿਹੇ ਵਿਚਾਰ ਦਾ ਸੰਕੇਤ ਵੀ ਨਹੀਂ ਦੇ ਰਿਹਾ ਸੀ। ਸਭ ਤੋਂ ਸਾਫ਼ ਅਰਥ ਇਹ ਹੈ ਕਿ ਸਦੂਮ ਅਤੇ ਅਮੂਰਾਹ ਕੋਲ ਉਹ ਗਿਆਨ ਜਾਂ ਮੌਕਾ ਨਹੀਂ ਸੀ ਜਿਹੜਾ ਉਨ੍ਹਾਂ ਨਗਰਾਂ ਨੂੰ ਮਿਲਿਆ ਸੀ ਜਿੱਥੇ ਯਿਸੂ ਅਤੇ ਉਸਦੇ ਚੇਲੇ ਗਏ ਸਨ, ਇਸ ਕਰਕੇ ਉਨ੍ਹਾਂ ਨਗਰਾਂ ਦੇ ਲੋਕ ਖ਼ੁਦਾ ਦੇ ਸੰਦੇਸ਼ ਨੂੰ ਠੁਕਰਾਉਣ ਦੀ ਓਨੀ ਸਜ਼ਾ ਨਹੀਂ ਪਾਉਣਗੇ। ਦੂਜੇ ਸ਼ਬਦਾਂ ਵਿਚ ਜਿਨ੍ਹਾਂ ਨੂੰ ਵੱਧ ਮੌਕਾ ਮਿਲਿਆ ਹੈ ਉਨ੍ਹਾਂ ਉੱਤੇ ਜ਼ਿੰਮੇਵਾਰੀ ਵੀ ਵੱਡੀ ਹੈ (ਵੇਖੋ ਇਬਰਾਨੀਆਂ 10:26–30)। ਸਜ਼ਾ ਦੇ ਵੱਖ ਵੱਖ ਦਰਜਿਆਂ ਦਾ ਵਿਚਾਰ ਹੋਰ ਆਇਤਾਂ ਵਿਚ ਵੀ ਮਿਲਦਾ ਹੈ (11:20–24; ਲੂਕਾ 12:41–48; 20:47)।

ਨਵਾਂ ਨੇਮ ਇਹ ਵੀ ਸੰਕੇਤ ਦਿੰਦਾ ਹੈ ਕਿ ਇਨਾਮ ਦੇ ਵੱਖੋ ਵੱਖ ਦਰਜੇ ਹਨ (5:19; 6:19–21; 18:4; ਲੂਕਾ 19:17–19; 1 ਕੁਰਿੰਥੀਆਂ 3:12–15; 2 ਕੁਰਿੰਥੀਆਂ 9:6; ਯਾਕੂਬ 3:1)। ਖ਼ੁਦਾ ਦੀ ਕਿਰਪਾ ਨਾਲ ਮੁਕਤੀ ਮਸੀਹ ਵਿਚ ਵਿਖਾਈ ਗਈ ਹੈ (ਅਫ਼ਸੀਆਂ 2:8–10);

ਕੋਈ ਵੀ ਸੁਰਗ ਲਈ ਆਪਣੇ ਰਾਹ ਨੂੰ ਕਮਾ ਨਹੀਂ ਸਕਦਾ (ਰੋਮੀਆਂ 6:23); ਪਰ ਇਹ ਇਸ ਤੱਥ ਨੂੰ ਘਟਾ ਨਹੀਂ ਸਕਦਾ ਕਿ ਖ਼ੁਦਾ ਮਸੀਹੀ ਲੋਕਾਂ ਨੂੰ ਜਾਂਚੇਗਾ ਅਤੇ ਹਰ ਕਿਸੇ ਨੂੰ ਆਪੋ ਆਪਣਾ ਇਨਾਮ ਮਿਲੇਗਾ। ਪੌਲੁਸ ਨੇ ਲਿਖਿਆ ਹੈ, ''ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ ਹਰੇਕ ਜੋ ਕੁਝ ਉਸ ਨੇ ਦੇਹੀ ਵਿਚ ਕੀਤਾ ਭਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ'' (2 ਕੁਰਿੰਥੀਆਂ 5:10; ਵੇਖੋ ਰੋਮੀਆਂ 2:5–11; 14:10–12; 1 ਕੁਰਿੰਥੀਆਂ 4:5; ਪ੍ਰਕਾਸ਼ ਦੀ ਪੋਥੀ 20:11–15)। ਮਸੀਹੀ ਆਦਮੀ ਦੇ ਕੰਮਾਂ ਦੇ ਖ਼ੁਦਾ ਦੇ ਮੁਲਾਂਕਣ ਤੋਂ ਤੈਅ ਹੁੰਦਾ ਹੈ ਕਿ ਉਸ ਨੂੰ ਕੀ ਇਨਾਮ ਮਿਲੇਗਾ।

## ਵਿਰੋਧ ਦਾ ਸਾਹਮਣਾ ਕਰਨਾ (10:16-23)

ਯਿਸੂ ਨੇ ਭਵਿੱਖਬਾਣੀ ਕੀਤੀ ਕਿ ਉਸਦੇ ਚੇਲਿਆਂ ਨੂੰ ਧਾਰਮਿਕ ਵਿਵਸਥਾ, ਸਤਾਅ ਅਤੇ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਤਿੰਨ ਵੱਖੋ ਵੱਖ ਮੋਰਚਿਆਂ ਤੇ ਸਤਾਅ ਝੱਲਣਾ ਪਵੇਗਾ। ਦੁਨੀਆਂ ਭਰ ਦੇ ਮਸੀਹੀ ਲੋਕਾਂ ਨੂੰ ਅਜਿਹੀਆਂ ਹੀ ਸ਼ਕਤੀਆਂ ਵੱਲੋਂ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

*ਧਾਰਮਿਕ ਵਿਵਸਥਾ।* ਕਈਆਂ ਨੂੰ ਜਿਹੜੇ ਸਰਕਾਰੀ ਧਰਮ ਵਾਲੇ ਦੇਸ਼ਾਂ ਵਿਚ ਰਹਿੰਦੇ ਹਨ, ਅਜਿਹੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਆਪਣੇ ਆਪ ਨੂੰ ''ਮਸੀਹੀ'' ਅਖਵਾਉਣ ਵਾਲੇ ਲੋਕ ਦੂਜਿਆਂ ਤੋਂ ਜਿਹੜੇ ਆਪਣੇ ਆਪ ਨੂੰ ''ਮਸੀਹੀ'' ਅਖਵਾਉਂਦੇ ਹੋਣ, ਨਫ਼ਰਤ ਕਰਦੇ ਹੋਣ। ਜੋ ਲੋਕ ''ਸਿਰਫ਼ ਮਸੀਹੀ'' ਬਣਨ ਦੀ ਕੋਸ਼ਿਸ਼ ਕਰਦੇ ਹਨ, ਆਮ ਤੌਰ ਤੇ ਉਨ੍ਹਾਂ ਨੂੰ ਸਭ ਲੋਕਾਂ ਵੱਲੋਂ ਤੁੱਛ ਮੰਨਿਆ ਜਾਂਦਾ ਸੀ।

*ਸਰਕਾਰ।* ਅਜਿਹੇ ਇਲਾਕਿਆਂ ਵਿਚ ਰਹਿਣ ਵਾਲੇ ਲੋਕ ਜਿੱਥੇ ਸਰਕਾਰ ਵੱਲੋਂ ਧਰਮ ਦੀ ਅਜ਼ਾਦੀ ਨਹੀਂ ਮਿਲਦੀ, ਏਕਾਂਤ ਵਿਚ ਅਤੇ ਗੈਰ ਕਾਨੂੰਨੀ ਢੰਗ ਨਾਲ ਇਕੱਠੇ ਹੋਣ ਨੂੰ ਮਜ਼ਬੂਰ ਹਨ, ਗਿਰਫ਼ਤਾਰ ਕਰ ਲਿਆ ਜਾਂਦਾ, ਮਾਰਿਆ ਕੁੱਟਿਆ ਜਾਂਦਾ ਅਤੇ ਜੇਲ੍ਹ ਵਿਚ ਪਾ ਦਿੱਤਾ ਜਾਂਦਾ ਹੈ। ਅਜਿਹੇ ਮਾਮਲਿਆਂ ਵਿਚ ਸਰਕਾਰ ਦੀ ਅਨੈਤਿਕਤਾ ਅਤੇ ਅਨਿਆਂ ਦੇ ਖ਼ਿਲਾਫ਼ ਅਵਾਜ਼ ਚੁੱਕਣ ਵਾਲੇ ਮਸੀਹੀ ਲੋਕਾਂ ਦਾ ਵਿਰੋਧ ਕੀਤਾ ਜਾਂਦਾ ਹੈ।

*ਪਰਿਵਾਰ।* ਕਈਆਂ ਦਾ ਮਸੀਹੀ ਹੋਣ ਕਰਕੇ ਆਪਣੇ ਹੀ ਪਰਿਵਾਰ ਦੇ ਲੋਕਾਂ ਵੱਲੋਂ ਮਜ਼ਾਕ ਉਡਾਇਆ ਜਾਂਦਾ ਹੈ। ਨੈਤਿਕ ਕੀਮਤਾਂ ਅਤੇ ਤਰਜੀਹਾਂ ਤੇ ਫ਼ਰਕ ਆਮ ਤੌਰ ਤੇ ਲੜਾਈ ਦਾ ਕਾਰਣ ਬਣਦੇ ਹਨ। ਅਤਿ ਦੇ ਕੁਝ ਮਾਮਲਿਆਂ ਵਿਚ ਵਿਸ਼ਵਾਸ ਕਰਨ ਵਾਲਿਆਂ ਨੂੰ ਆਪਣੇ ਰਿਸ਼ਤੇਦਾਰਾਂ ਵੱਲੋਂ ਹੀ ਠੁਕਰਾ ਦਿੱਤਾ ਗਿਆ ਹੈ।

ਡੇਵਿਡ ਸਟਿਵਰਟ

## ਸਰਮਨ ਦੀ ਤਿਆਰੀ (10:20)

ਯਿਸੂ ਨੇ ਰਸੂਲਾਂ ਨੂੰ ਪਵਿੱਤਰ ਆਤਮਾ ਵੱਲੋਂ ਖ਼ੁਦਾਈ ਪ੍ਰੇਰਣਾ ਦੇਣ ਦਾ ਵਾਅਦਾ ਕੀਤਾ। ਮਾਉਂਸ ਨੇ ਲਿਖਿਆ ਹੈ, ''ਅਫ਼ਸੋਸ, ਇਸ ਆਇਤ ਨੇ ਐਨੇ ਵੱਧ ਪ੍ਰਚਾਰਕਾਂ ਨੂੰ ਐਤਵਾਰ ਨੂੰ ਸੰਦੇਸ਼ ਸਹੀ ਤਰੀਕੇ ਨਾਲ ਤਿਆਰ ਨਾ ਕਰਨ ਦਾ ਬਹਾਨਾ ਦੇ ਦਿੱਤਾ ਹੈ।[44] ਸਾਨੂੰ ਅੱਜ ਖ਼ੁਦਾ ਦੀ ਪ੍ਰੇਰਣਾ ਦਾ ਦਾਨ ਨਹੀਂ ਮਿਲਿਆ ਹੈ; ਇਸਦੇ ਉਲਟ ਸਾਨੂੰ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੇ ਵਚਨ ਦਾ ਅਧਿਐਨ ਕਰਨਾ ਜ਼ਰੂਰੀ ਹੈ। ਜਿਮੀ ਐਲਨ ਨੇ ਸਰਸੀ, ਆਰਕੈਂਸਾ ਦੀ ਹਾਰਡਿੰਗ ਯੂਨੀਵਰਸਿਟੀ ਵਿਚ ਆਪਣੇ ਵਿਦਿਆਰਥੀਆਂ ਨੂੰ ਦੱਸਿਆ, ''ਰਸੂਲਾਂ ਨੂੰ ਇਹ ਪ੍ਰੇਰਣਾ ਦੇ ਰਾਹੀਂ ਮਿਲਿਆ; ਅਸੀਂ ਇਸ ਨੂੰ ਪਸੀਨੇ ਦੇ ਰਾਹੀਂ ਪਾਉਂਦੇ ਹਾਂ।''

ਡੇਵਿਡ ਸਟਿਵਰਟ

ਟਿੱਪਣੀਆਂ

[1]ਡੋਨਲਡ ਏ. ਹੈਗਨਰ, *ਮੈਥਿਊ 1–13,* ਵਰਡ ਬਿਬਲੀਕਲ ਕਮੈਂਟਰੀ, ਜਿਲਦ 33ਏ (ਡਲਾਸ: ਵਰਡ ਬੁਕਸ, 1993), 262. [2]ਡਗਲਸ ਆਰ. ਏ. ਹੇਅਰ, *ਮੈਥਿਊ*, ਇੰਟਰਪ੍ਰਿਟੇਸ਼ਨ (ਲੁਈਸਵਿੱਲੇ: ਜੌਨ ਨੌਕਸ ਪ੍ਰੈੱਸ, 1993), 113. [3]ਵਾਲਟਰ ਬਾਊਰ, *ਏ ਗ੍ਰੀਕ ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3ਜੀ, ਸੋਧ ਅਤੇ ਸੰਪਾ.ਫ੍ਰੈਡਰਿਕ ਡਬਲਯੂ. ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 881. [4]ਵੇਖੋ ਜੈਕ ਪੀ. ਲੂਈਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਾਰਟ 1, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਸਵੀਟ ਪਬਲੀਸ਼ਿੰਗ ਕੰ., 1976), 145; ਅਤੇ ਆਰ. ਟੀ. ਫ੍ਰਾਂਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ.,1985), 176. [5]*ਜ਼ੌਂਡਰਵਨ ਇਲੱਸਟ੍ਰੇਟਡ ਬਾਈਬਲ ਬੈਕਗਰਾਉਂਡ ਕਮੈਂਟਰੀ,* ਜਿਲਦ 1, *ਮੈਥਿਊ, ਮਾਰਕ, ਲੂਕ,* ਸੰਪਾ. ਕਲਿਨਟਨ ਈ. ਆਰਨੋਲਡ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2002), 67 ਵਿਚ ਮਾਈਕਲ ਜੇ. ਵਿਲਕਿੰਸ, ''ਮੈਥਿਊ।'' [6]ਯਿਸੂ ਨੇ ਚੇਲਿਆਂ ਨੂੰ ''ਉਹੀ ਇਖ਼ਤਿਆਰ'' ਜਾਂ ''ਸ਼ਕਤੀ'' ਦਿੱਤੀ, ਜਿਹਾ ਉਸਨੇ ਪਿਛਲੇ ਅਧਿਆਇਆਂ ਵਿਚ ਵਿਖਾਇਆ ਸੀ (7:28, 29; 8:9 ਤੇ ਟਿੱਪਣੀਆਂ ਵੇਖੋ)। [7]ਕੁਝ ਪ੍ਰਾਚੀਨ ਹੱਥਲਿਖਤਾਂ ਵਿਚ ਮਰਕੁਸ 3:14 ਵਿਚ *apostolos* ਸ਼ਬਦ ਨਹੀਂ ਮਿਲਦਾ ਹੈ। [8]ਪੌਲੁਸ ਦੇ ਵੇਰਵੇ ਲਈ ਜਿਸਨੂੰ ਵਿਲੱਖਣ ਤੌਰ ਤੇ ਪ੍ਰਭੂ ਵੱਲੋਂ ਚੁਣ ਕੇ ਹੁਕਮ ਦਿੱਤਾ ਗਿਆ ਸੀ, ''ਰਸੂਲ'' ਸ਼ਬਦ ਦੀ ਵਰਤੋਂ ਆਮ ਤੌਰ ਤੇ ਹੋਈ ਹੈ (1 ਕੁਰਿੰਥੀਆਂ 15:8–10)। ਇਸ ਦੇ ਇਲਾਵਾ ਇਸ ਸ਼ਬਦ ਦੀ ਵਰਤੋਂ ਉਸ ਦੇ ਸੰਕੇਤ ਲਈ ਇਸਦੇ ਵਿਆਪਕ ਅਰਥ ਨਾਲ ਵੀ ਕੀਤੀ ਜਾਂਦੀ ਹੈ (ਰਸੂਲਾਂ ਦੇ ਕੰਮ 14:4, 14; 2 ਕੁਰਿੰਥੀਆਂ 8:23; ਫ਼ਿਲਿੱਪੀਆਂ 2:25; 1 ਥੱਸਲੁਨੀਕੀਆਂ 1:1; 2:6)। [9]ਵੇਖੋ ਡਬਲਯੂ. ਐਸ. ਅਲਬ੍ਰਾਈਟ ਅਤੇ ਸੀ. ਐਸ. ਮੰਨ, *ਮੈਥਿਊ,* ਦ ਐਂਕਰ ਬਾਈਬਲ (ਨਿਊ ਯਾਰਕ: ਡਬਲਡੇ ਐਂਡ ਕੰ., 1971), 117. [10]ਲੂਈਸ, 147.

[11]ਮੁਆਬ ਵਿਚ ''ਕਰਿਯੋਥ'' ਨਾਮਕ ਇਕ ਹੋਰ ਨਗਰ ਸੀ (ਯਿਰਮਿਯਾਹ 48:24; ਆਮੋਸ 2:2)। [12]ਹੈਗਨਰ, 266; ਵੇਖੋ, *ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ,* ਸੋਧਿਆ ਅੰਕ, ਸੰਪਾ. ਜਿਓਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ.,1982), 2:1151–52 ਵਿਚ ਜੌਰਜ ਵੈਸਲੀ ਬੁਚਨਨ, ''ਜਿਯੁਡਾਸ ਇਸਕੈਰਿਓਟ।'' [13]ਰੌਬਰਟ ਐਚ. ਮਾਊਂਸ, *ਮੈਥਿਊ,* ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 1991), 92. [14]ਵਿਲੀਅਮ ਬਾਰਕਲੇ, *ਦ ਗੌਸਪਲ ਆਫ਼ ਮੈਥਿਊ,* ਅੰਕ 1, ਜਿਲਦ 2ਜੀ, ਦ ਡੇਅਲੀ ਸਟੱਡੀ ਬਾਈਬਲ (ਫ਼ਿਲਾਡੈਲਫੀਆ: ਵੈਸਟਮਿੰਸਟਰ ਪ੍ਰੈੱਸ, 1958), 1:373. [15]ਉਹੀ। [16]ਸਾਮਰੀਆਂ ਦਾ ਜ਼ਿਕਰ ਮੱਤੀ ਵਿਚ ਇੱਕੋ ਵਾਰ ਹੈ (10:5)। ਇਹ ਰਲੇ ਮਿਲੇ ਲੋਕ 722 ਈ. ਪੂ. ਵਿਚ ਇਸਰਾਏਲੀਆਂ ਦੇ ਅਸੂਰੀਆਂ ਦੀ ਗੁਲਾਮੀ ਦੇ ਬਾਅਦ ਬਾਹਰੋਂ ਆਏ ਵਿਦੇਸ਼ੀਆਂ ਨਾਲ ਵਿਆਹ ਤੋਂ ਹੋਂਦ ਵਿਚ ਆਏ ਸਨ (2 ਰਾਜਿਆਂ 17:24; ਵੇਖੋ ਨਹਮਯਾਹ 13:23, 24)। ਯਹੂਦੀਆਂ ਨਾਲ ਉਨ੍ਹਾਂ ਦੇ ਝਗੜੇ ਦੇਸ਼ ਨਿਕਾਲੇ ਦੇ ਬਾਅਦ ਦੇ ਸ਼ੁਰੂ ਦੇ ਸਨ (ਅਜ਼ਰਾ 4:1–24)। [17]ਜੇ. ਡਬਲਯੂ. ਮੈਕਗਰਵੇ *ਦ ਨਿਊ ਟੈਸਟਾਮੈਂਟ ਕਮੈਂਟਰੀ,* ਜਿਲਦ 1, *ਮੈਥਿਊ ਐਂਡ ਮਾਰਕ* (ਪੰਨਾ ਰਹਿਤ, 1875; ਰੀਪ੍ਰਿੰਟ, ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲੀਸ਼ਿੰਗ ਕੰ., ਮਿਤੀ ਰਹਿਤ), 89. [18]ਮਾਊਂਸ, 92. [19]ਵੇਖੋ ਬਾਉਰ, 811. [20] ਅਸੇਨੀਆਂ ਨਾਲ ਇਕ ਸਮਾਨਤਾ ਬਣਾਈ ਜਾ ਸਕਦੀ ਹੈ ਜਿਹੜੇ ਆਪਣੇ ਹੀ ਫ਼ਿਰਕੇ ਦੇ ਲੋਕਾਂ ਦੀ ਸਭ ਤੋਂ ਵੱਧ ਪ੍ਰਾਹੁਣਚਾਰੀ ਕਰਨ ਵਾਲੇ ਲੋਕ ਸਨ। ਜੋਸੇਫ਼ਸ ਨੇ ਲਿਖਿਆ ਹੈ, ''ਜਿਸ ਕਰਕੇ ਉਹ ਦੂਰ ਦੁਰਾਡੇ ਦੇ ਇਲਾਕਿਆਂ ਵਿਚ ਜਾਣ ਵੇਲੇ ਆਪਣੇ ਨਾਲ ਕੁਝ ਨਹੀਂ ਲਿਜਾਂਦੇ, ਭਾਵੇਂ ਇਹ ਚੋਰਾਂ ਦੇ ਡਰ ਤੋਂ ਆਪਣੇ ਨਾਲ ਹਥਿਆਰ ਲੈ ਜਾਂਦੇ ਸਨ'' (ਜੋਸੇਫ਼ਸ *ਵਾਰਜ਼* 2.8.4)।

[21]ਵੇਖੋ ਜੌਨ ਲਾਈਟਫ਼ੁਟ, *ਏ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ ਫ਼ਰਾਮ ਦ ਟਾਲਮੁਡ ਐਂਡ ਹੇਬਰੇਕਾ:*

*ਮੈਥਿਊ–1 ਕੋਰਿੰਥੀਅੰਜ਼,* ਜਿਲਦ 2, *ਮੈਥਿਊ–ਮਾਰਕ* (ਆਕਸਫ਼ੋਰਡ: ਆਕਸਫ਼ੋਰਡ ਯੂਨੀਵਰਸਿਟੀ ਪ੍ਰੈੱਸ, 1859; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ, 1979), 183–85. [22]ਡੇਵਿਡ ਹਿਲ, *ਦ ਗੌਸਪਲ ਆਫ਼ ਮੈਥਿਊ,* ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1972), 186. [23]ਫ਼ਰਾਂਸ, 181. [24]ਪੁਰਾਣੇ ਅਤੇ ਦੋਹਾਂ ਨੇਮਾਂ ਵਿਚ ਪ੍ਰਾਹੁਣਚਾਰੀ ਦੀਆਂ ਉਦਾਹਰਣਾ ਲਈ ਵੇਖੋ ਵਿਲੀਅਮ ਹੈਂਡ੍ਰਿਕਸਨ, *ਨਿਊ ਟੈਸਟਾਮੈਂਟ ਕਮੈਂਟਰੀ: ਐਕਸਪੋਜ਼ਿਸਨ ਆਫ਼ ਦ ਗੌਸਪਲ ਅਕਾਰਡਿੰਗ ਟੂ ਮੈਥਿਊ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1973), 459. [25]ਹਿੱਲ, 187. [26]ਮਾਊਂਸ, 93. [27]ਵੇਖੋ ਟਾਲਮੁਡ *ਨਿਡਾਰਿਨ* 53ਬੀ; *ਸੈਨਹੇਡ੍ਰਿਨ* 12ਏ। [28]ਐਚ. ਲਿਓ ਬੋਲਸ, *ਏ ਕਮੈਂਟਰੀ ਆਨ ਦ ਗੌਸਪਲ ਅਕਾਰਡਿੰਗ ਟੂ ਮੈਥਿਊ* (ਨੈਸ਼ਵਿੱਲੇ: ਗੌਸਪਲ ਐਡਵੋਕੇਟ ਕੰ., 1936), 226. [29]ਉਤਪਤ 13:13; 19:24, 25; ਵਿਵਸਥਾਸਾਰ 32:32; ਯਸਾਯਾਹ 1:10; ਹਿਜ਼ਕੀਏਲ 16:46, 48, 49; ਮੱਤੀ 11:22, 24; ਲੂਕਾ 10:12; 17:29; ਰੋਮੀਆਂ 9:29; 2 ਪਤਰਸ 2:6; ਯਹੂਦਾ 7. [30]ਜੇਮਸ ਬਰਟਨ ਕਾਫ਼ਮੈਨ, *ਕਮੈਂਟਰੀ ਆਨ ਮੈਥਿਊ* (ਆਸਟਿਨ, ਟੈਕਸਸ: ਫ਼ਰਮ ਫ਼ਾਊਂਡੇਸ਼ਨ ਪਬਲੀਸ਼ਿੰਗ ਹਾਊਸ, 1977), 136.

[31]ਵਿਲਕਿੰਸ, 69. [32]ਰੱਬਾਹ *ਸੌਂਗਜ਼ ਆਫ਼ ਸੌਂਗਜ਼* 2.14.1. [33]*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ,* ਸੋਧਿਆ ਅੰਕ, ਸੰਪਾ. ਜਿਓਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1979), 1:988 ਵਿਚ ਗਰਹਰਡ ਐਫ਼. ਹੇਸਲ, ''ਡਵ।'' [34]ਮਿਸ਼ਨਾਹ *ਸੈਨਹੇਡ੍ਰਿਨ* 1.2. [35]ਵਿਲਕਿੰਸ, 69. [36]ਯਿਸੂ ਦੀਆਂ ਪੇਸ਼ੀਆਂ ਇਸ ਨਿਯਮ ਦੇ ਕੰਮ ਕਰਨ ਦਾ ਸਬੂਤ ਹਨ। ਪਹਿਲਾਂ ਉਸ ਉੱਤੇ ਮਹਾਂਸਭਾ ਵੱਲੋਂ ਮੁਕੱਦਮਾ ਚਲਾਇਆ ਗਿਆ ਪਰ ਹੇਰੋਦੇਸ ਵੱਲੋਂ ਵੀ ਉਸ ਤੋਂ ਪੁੱਛਗਿੱਛ ਕੀਤੀ ਗਈ ਅਤੇ ਅਖ਼ੀਰ ਵਿਚ ਉਸ ਨੂੰ ਰੋਮੀ ਹਾਕਮ ਪੁੰਤਿਉਸ ਪਿਲਾਤੁਸ ਵੱਲੋਂ ਮੌਤ ਦੀ ਸਜ਼ਾ ਦੇ ਦਿੱਤੀ ਗਈ ਸੀ (ਲੂਕਾ 22:54–23:25)। [37]ਟੇਸਿਟੁਸ *ਐਨਲਜ਼* 15.44. [38]ਕਾਫ਼ਮੈਨ, 137. [39]ਟਾਲਮੁਡ *ਸੈਨਹੇਡ੍ਰਿਨ* 97ਏ। [40]ਵਿਲਕਿੰਸ, 69.

[41]ਲੂਈਸ, 152. [42]ਐਲਬਰਟ ਬਾਰਨਸ, *ਨੋਟਸ ਆਨ ਦ ਨਿਊ ਟੈਸਟਾਮੈਂਟ: ਮੈਥਿਊ ਐਂਡ ਮਾਰਕ,* ਰੌਬਰਟ ਫ਼ਰਿਊ (ਫ਼ਿਲਾਡੈਲਫੀਆ: ਪੰਨਾ ਰਹਿਤ, 1832; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1974), 113. [43]ਹੇਅਰ, 112. [44]ਮਾਊਂਸ, 94.